ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2633 3 November, 2026 Tuesday www.sanjhisoch.com ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ +1 (209) 303-1260

ਕੈਨੇਡਾ 'ਚ 52 ਕਿਲੋ ਨਸ਼ੀਲੇ ਪਦਾਰਥਾਂ ਸਮੇਤ ਭਾਰਤੀ ਗ੍ਰਿਫ਼ਤਾਰ

ਓਟਵਾ
ਸਾਂਝੀ ਸੋਚ ਬਿਊਰੋ

ਕੈਨੇਡਾ ਵਿਚ ਟਰੱਕ ਰਾਹੀਂ 52 ਕਿੱਲੋ ਹੈਰੋਇਨ ਅਤੇ ਕੋਕੀਨ ਲਿਆ ਰਹੇ ਇੱਕ ਕਥਿਤ ਭਾਰਤੀ ਨਸ਼ਾ ਤਸਕਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। 47 ਸਾਲਾ ਖ਼ੁਸ਼ਵਿੰਦਰ ਸਿੰਘ ਗਿੱਲ ਅਮਰੀਕਾ ਤੋਂ ਦੋ ਬੈਗਾਂ ਵਿਚ ਇਹ ਖੇਪ ਭਰ ਕੇ ਕੈਨੇਡਾ ਲਿਆ ਰਿਹਾ ਸੀ। ਫੈਡਰਲ ਪੁਲਿਸ ਦੇ ਬੁਲਾਰੇ ਕਾਰਪੋਰਲ ਪਰਮਬੀਰ ਕਾਹਲੋਂ ਨੇ ਦੱਸਿਆ ਕਿ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਅਤੇ ਫੈਡਰਲ ਪੁਲਿਸ ਵੱਲੋਂ ਆਪਸੀ ਸਹਿਯੋਗ ਨਾਲ ਚਲਾਈ ਜਾ ਰਹੀ ਮੁਹਿੰਮ ਦੇ ਨਤੀਜੇ ਵਜੋਂ ਅਮਰੀਕਾ ਤੋਂ ਕੈਨੇਡਾ ਆ ਰਹੇ ਇੱਕ ਟਰਾਲੇ ਦੀ ਤਲਾਸ਼ੀ ਲਈ ਗਈ। ਇਸ ਦੌਰਾਨ ਟਰਾਲੇ ਵਿਚ ਰੱਖੇ ਦੋ ਬੈਗਾਂ ਵਿਚੋਂ 52 ਕਿੱਲੋ ਹੈਰੋਇਨ ਅਤੇ ਕੋਕੀਨ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਕੁਝ ਦਿਨ ਪਹਿਲਾਂ ਖ਼ੁਸ਼ਵਿੰਦਰ ਸਿੰਘ ਗਿੱਲ (47) ਆਪਣਾ ਟਰੱਕ-ਟਰਾਲਾ ਲੈ ਕੇ ਅਮਰੀਕਾ ਤੋਂ ਕੈਨੇਡਾ ਆ ਰਿਹਾ ਸੀ। ਸਰਹੱਦ 'ਤੇ ਜਦੋਂ ਉਸ ਦੇ ਟਰੱਕ ਦੀ ਤਲਾਸ਼ੀ ਲਈ ਗਈ, ਤਾਂ ਦੋ ਸ਼ੱਕੀ ਬੈਗਾਂ ਵਿਚ ਰੱਖੇ ਸਾਮਾਨ ਬਾਰੇ ਪੁੱਛੇ ਜਾਣ 'ਤੇ ਮੁਲਜ਼ਮ ਵੱਲੋਂ ਦਿੱਤਾ ਗਿਆ ਜਵਾਬ ਅਧਿਕਾਰੀਆਂ ਨੂੰ ਸੰਤੁਸ਼ਟ ਨਹੀਂ ਕਰ ਸਕਿਆ। ਬੈਗ ਖੋਲ੍ਹ ਕੇ ਦੇਖਣ 'ਤੇ ਪਤਾ ਲੱਗਾ ਕਿ ਉਨ੍ਹਾਂ ਵਿਚ ਹੈਰੋਇਨ ਅਤੇ ਕੋਕੀਨ ਨੂੰ ਇੱਟਾਂ ਦੀ ਸ਼ਕਲ ਵਾਲੇ ਪੈਕਟਾਂ ਵਿਚ ਭਰ ਕੇ ਰੱਖਿਆ ਗਿਆ ਸੀ। ਕੇਂਦਰੀ ਪੁਲਿਸ ਨੇ ਉਸ ਨੂੰ ਹਿਰਾਸਤ ਵਿਚ ਲੈ ਕੇ ਪੂਰੀ ਪੜਤਾਲ ਕੀਤੀ ਅਤੇ ਜਾਂਚ ਤੋਂ ਬਾਅਦ ਉਸ ਖ਼ਿਲਾਫ਼ ਨਸ਼ਾ ਤਸਕਰੀ ਦੇ ਦੋਸ਼ ਆਇਦ ਕੀਤੇ ਗਏ। ਸੀ.ਬੀ.ਐੱਸ.ਏ. ਦੇ ਪੈਸਿਫਿਕ ਖੇਤਰੀ ਜ਼ਿਲ੍ਹੇ ਦੇ ਡਾਇਰੈਕਟਰ ਡੇਵਿਡ ਲੀ ਨੇ ਕਿਹਾ ਕਿ ਫੈਡਰਲ ਪੁਲਿਸ ਵੱਲੋਂ ਮਿਲ ਰਹੇ ਸਹਿਯੋਗ ਕਾਰਨ ਹੁਣ ਨਸ਼ਾ ਤਸਕਰੀ 'ਤੇ ਸਖ਼ਤ ਨਜ਼ਰ ਰੱਖਣੀ ਸੌਖੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇੰਨੀ ਵੱਡੀ ਖੇਪ ਦਾ ਫੜਿਆ ਜਾਣਾ ਇਸੇ ਸਾਂਝੇ ਸਹਿਯੋਗ ਦਾ ਨਤੀਜਾ ਹੈ। ਉਨ੍ਹਾਂ ਅਨੁਸਾਰ ਸਖ਼ਤੀ ਵਧਣ ਕਾਰਨ ਹੀ ਹੁਣ ਨਸ਼ਾ ਤਸਕਰੀ 'ਤੇ ਕਾਬੂ ਪੈਣ ਲੱਗਾ ਹੈ। ਦੂਜੇ ਪਾਸੇ, ਕੋਕੁਇਟਲਮ ਕੇਂਦਰੀ ਪੁਲਿਸ ਨੇ 31 ਚੋਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ ਹਜ਼ਾਰਾਂ ਡਾਲਰਾਂ ਦਾ ਚੋਰੀ ਕੀਤਾ ਸਾਮਾਨ ਬਰਾਮਦ ਕੀਤਾ ਹੈ। ਇਹ ਚੋਰ ਸਟੋਰਾਂ ਵਿਚ ਜਾ ਕੇ ਉੱਥੇ ਮੌਜੂਦ ਸੇਲਜ਼ਮੈਨਾਂ ਨੂੰ ਡਰਾ-ਧਮਕਾ ਕੇ ਸਾਮਾਨ ਚੋਰੀ ਕਰ ਲੈਂਦੇ ਸਨ। ਪੁਲਿਸ ਬੁਲਾਰੇ ਨੇ ਦੱਸਿਆ ਕਿ ਇਸ ਤਰ੍ਹਾਂ ਦੀਆਂ ਚੋਰੀਆਂ ਕਰਨ ਵਾਲਿਆਂ ਨੂੰ ਨੱਥ ਪਾਉਣ ਲਈ ਪੁਲਿਸ ਦੀ ਇੱਕ ਵਿਸ਼ੇਸ਼ ਟੀਮ ਬਣਾਈ ਗਈ ਸੀ, ਜਿਸ ਨੇ ਕੁਝ ਹੀ ਦਿਨਾਂ ਵਿਚ ਇਨ੍ਹਾਂ ਸਾਰੇ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਹੈ।



Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor® CalDRE # 02115235
ਤੁਸੀਂ ਆਪਣੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
• ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
• ਪਹਿਲਾਂ ਨਾਲੋਂ ਬਹੁਤੇ ਵਿੱਤੀ ਮਦਦ ਮਿਲਦੀ ਹੈ।
• ਭਾਵੇਂ ਤੁਸੀ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
• ਭਾਰੀ ਟੈਕਸ ਰੈਡਿਟ ਕੇਵਲ ਤਾਂ ਹੀ ਉਪਲਬਧ ਹੈਦੇ ਹਨ, ਜੇ ਤੁਸੀ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।
ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।
Anthem
Certified Insurance Agent
Inderjeet Singh Mann
CA Lic# 0H82488
Ph.: (916) 900-2000

Certified INSURANCE AGENT
COVERED CALIFORNIA
Free Confidential Help
Call : Gurcharan Singh Mann
Medicare
Licensed Insurance Agent
CA Lic # 0C70672
CALL TO ENROL
510-557-0061

Space available for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

JRP REALTY GROUP

A TRADITION OF REAL ESTATE EXCELLENCE

SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

Gas Stations, Apartments, Commercial Buildings, Liquor stores and Land

CALL TODAY TO BUY/SELL YOUR REAL ESTATE/ BUSINESS



Jaswant S.Pannu
Office: 209-900-1994
Cell: 408-340-0157
jaswantpannu@yahoo.com



Raman Singh
Cell: 209-605-6500
Office: 209-213-5811
BRE #10889002

We do commercial loans for businesses, gas stations, lands and commercial properties

We provide the best in class evaluation for your real estate/business to maximize the profits for you



For more properties or business, contact us.



LOVEPREET KAUR
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

LENDINGASSETS
Elevating Your Mortgage Experience

Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

Refinance @2.75% APR or lower



Apply online at www.lendingassets.com and check out the live lowest rates on our website

ONLY WAY TO GROW YOUR BUSINESS FASTER

BNG

(Business Network Gateway)

We work for you to

Boost Your Business

VIDEO ADVERTISEMENTS

We make professional video advertisements for your business in Punjabi, Hindi & English



POSTERS DESIGN

We design flyers, Posters and
Post Cards to promote your business



BUSINESS CARD DESIGN

WE DESIGN YOUR
BUSINESS CARD



SOCIAL MEDIA HANDLERS

We can manage your Business social media handlers Facebook, instagram & YouTube



24/7 TECH SUPPORT

We provide 24/7 tech support



For more information call

Boota Singh Basi +1 (209) 303-1260

ਸਾਂਝੀ ਸੋਚ
SANJHI SOCH
www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

ਡਾਵਾਂਡੋਲ ਸਿੰਘਾਸਨ-ਵਿਰੋਧ ਦਾ ਮੌਸਮ



SANJHI SOCH
ਗੁਰਮੀਤ ਸਿੰਘ ਪਲਾਹੀ
98158-02070

ਛੇ ਮਹੀਨਿਆਂ ਦੇ ਅੰਦਰ-ਅੰਦਰ ਹੰਗਰੀ, ਸਰਬੀਆ ਅਤੇ ਸਵੀਡਨ ਦੀ ਸੱਤਾ ਦੇ ਸਮੀਕਰਨ ਪੂਰੀ ਤਰ੍ਹਾਂ ਬਦਲ ਗਏ ਹਨ। ਸਰਬੀਆ ਵਿੱਚ 25 ਅਕਤੂਬਰ ਨੂੰ 14 ਸਾਲ ਪੁਰਾਣਾ ਰਾਜਨੀਤਿਕ ਕਿਲਾ ਤੋੜ ਦਿੱਤਾ ਗਿਆ। ਇੱਧਰ ਇਜ਼ਰਾਈਲ ਵਿੱਚ 27 ਅਕਤੂਬਰ ਨੂੰ ਹੋਈਆਂ ਚੋਣਾਂ ਵਿੱਚ ਸ਼ਕਤੀਸ਼ਾਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਨਾ ਤਾਂ ਪੂਰੀ ਜਿੱਤ ਮਿਲੀ ਅਤੇ ਨਾ ਹੀ ਪੂਰੀ ਹਾਰ। ਫਿਰ ਵੀ ਦੁਨੀਆ ਦੇ ਇਨ੍ਹਾਂ ਵੱਖ-ਵੱਖ ਦੇਸ਼ਾਂ ਦੇ ਵੋਟਰਾਂ ਨੇ ਰਾਜਨੇਤਾਵਾਂ ਅੱਗੇ ਲਗਭਗ ਇੱਕੋ ਜਿਹਾ ਸਿੱਧਾ ਸਵਾਲ ਖੜ੍ਹਾ ਕੀਤਾ ਹੈ- ਜਿਹੜੇ ਸਾਡੇ ਨਾਮ ਉੱਤੇ ਰਾਜ ਕਰਦੇ ਹਨ, ਕੀ ਉਹ ਸਾਡੇ ਲਈ ਕੁਝ ਕਰਦੇ ਵੀ ਹਨ?

ਹੰਗਰੀ ਵਿੱਚ ਆਰਥਿਕ ਠਹਿਰਾਅ, ਵਿਗਾੜ ਅਤੇ ਲਗਾਤਾਰ ਵਧ ਰਹੀ ਮਹਿੰਗਾਈ ਸੱਤਾ ਬਦਲੀ ਦਾ ਮੁੱਖ ਕਾਰਨ ਬਣੀ। ਅਰਜਨਟੀਨਾ ਜਿਹੇ ਦੇਸ਼ ਵਿੱਚ ਛੇ ਵਿੱਚੋਂ ਲਗਭਗ ਛੇ ਲੋਕ ਰਾਸ਼ਟਰਪਤੀ ਨੂੰ ਨਾਪਸੰਦ ਕਰਦੇ ਸਨ ਅਤੇ ਰਾਸ਼ਟਰਪਤੀ ਨੂੰ ਗੱਦੀ ਤੋਂ ਲਾਹੁਣ ਦਾ ਮੁੱਖ ਕਾਰਨ ਵੀ ਬੇਲਗਾਮ ਮਹਿੰਗਾਈ ਹੀ ਬਣੀ। ਭ੍ਰਿਸ਼ਟਾਚਾਰ ਅਤੇ ਜਵਾਬਦੇਹੀ ਦੀ ਘਾਟ ਨੇ ਨੇਪਾਲ ਵਿੱਚ ਅੰਦੋਲਨ ਭੜਕਾਇਆ, ਜਦੋਂ ਕਿ ਸੋਸ਼ਲ ਮੀਡੀਆ ਉੱਤੇ ਲਗਾਈਆਂ ਗਈਆਂ ਪਾਬੰਦੀਆਂ ਨੇ ਜਨਤਾ ਦਾ ਗੁੱਸਾ ਹੋਰ ਭੜਕਾ ਦਿੱਤਾ। ਉੱਥੇ ਸਵਾਲ ਉੱਠਿਆ ਕਿ ਆਖ਼ਰ ਕੌਣ ਜ਼ਿੰਮੇਵਾਰ ਹੈ ਦੇਸ਼ ਦੇ ਇਸ ਤਰ੍ਹਾਂ ਦੇ ਮਾੜੇ ਅਤੇ ਨਿਘਾਰ ਵੱਲ ਜਾ ਰਹੇ ਹਾਲਾਤ ਲਈ? ਗੁੱਸੇ 'ਚ ਆਈ ਜਨਤਾ ਦੇ ਰੋਸ ਨੇ ਪੂਰੀ ਰਾਜਨੀਤੀ ਦਾ ਪਾਸਾ ਹੀ ਪਲਟ ਕੇ ਰੱਖ ਦਿੱਤਾ ਹੈ।

ਹੰਗਰੀ ਵਿੱਚ 16 ਸਾਲ ਅਤੇ ਸਰਬੀਆ ਵਿੱਚ 14 ਸਾਲ ਦੀ ਲੰਬੀ ਸੱਤਾ ਤੋਂ ਬਾਅਦ ਹੁਣ ਸਿਆਸੀ ਹਲਚਲ ਅਤੇ ਵੱਡੀ ਤਬਦੀਲੀ ਦਾ ਦੌਰ ਸ਼ੁਰੂ ਹੋਇਆ ਹੈ। ਅਸਲ 'ਚ ਲੰਬੇ ਸਮੇਂ ਤੱਕ ਰਾਜ ਕਰਦੀਆਂ ਸਰਕਾਰਾਂ ਆਪਣੀਆਂ ਹੀ ਘੜੀਆਂ ਜਾ ਰਹੀਆਂ ਕਾਗਜ਼ੀ ਉਪਲਬਧੀਆਂ ਨੂੰ ਲੈ ਕੇ ਜਨਤਾ ਦੇ ਸਵਾਲਾਂ ਦੇ ਘੇਰੇ ਵਿੱਚ ਆ ਜਾਂਦੀਆਂ ਹਨ।

ਸਰਬੀਆ ਦੇ ਵਿਦਿਆਰਥੀ, ਨੇਪਾਲ ਦੀ ਨਵੀਂ ਪੀੜ੍ਹੀ, ਅਤੇ ਹੰਗਰੀ ਵਿੱਚ ਰਿਕਾਰਡ ਤੋੜ ਮੱਤਦਾਨ-ਇਹ ਸਭ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ ਕਿ ਹਰ ਥਾਂ ਉਹ ਲੋਕ ਫੈਸਲਾਕੁੰਨ ਸਥਿਤੀ ਵਿੱਚ ਸਾਹਮਣੇ ਆਏ ਹਨ, ਜਿਨ੍ਹਾਂ ਨੂੰ ਪੁਰਾਣੀ ਰਾਜਨੀਤੀ ਕਦੇ ਆਪਣਾ ਪੱਕਾ ਵੋਟ ਬੈਂਕ ਹੀ ਨਹੀਂ ਮੰਨਦੀ ਸੀ।

ਯੂਰਪੀ ਮਹਾਂਦੀਪ ਦੇ ਪ੍ਰਮੁੱਖ ਦੇਸ਼ਾਂ- ਫਰਾਂਸ ਅਤੇ ਜਰਮਨੀ ਦੇ ਹਾਲਾਤ ਵੀ ਇਸ ਜਨ-ਰੋਸ ਤੋਂ ਬਚੇ ਨਹੀਂ ਰਹੇ। ਫਰਾਂਸ ਵਿੱਚ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀਆਂ ਅਸਮਾਨ ਛੂਹਦੀਆਂ ਕੀਮਤਾਂ, ਆਰਥਿਕ ਅਸਥਿਰਤਾ, ਪ੍ਰਸ਼ਾਸਨਿਕ ਨਾਕਾਮੀਆਂ ਅਤੇ ਵਧਦੀ ਬੇਰੋਜ਼ਗਾਰੀ ਕਾਰਨ ਆਮ ਲੋਕਾਂ ਦਾ ਸਬਰ ਟੁੱਟ ਚੁੱਕਾ ਹੈ। ਰਿਪੋਰਟਾਂ ਅਨੁਸਾਰ ਉੱਥੇ 70,000 ਤੋਂ ਵੱਧ ਪ੍ਰਦਰਸ਼ਨਕਾਰੀ ਸੜਕਾਂ 'ਤੇ ਉੱਤਰ ਕੇ ਸਰਕਾਰ ਵਿਰੁੱਧ ਜ਼ੋਰਦਾਰ ਪ੍ਰਦਰਸ਼ਨ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਠੱਲ੍ਹ ਪਾਉਣ ਲਈ ਵਿਸ਼ਾਲ ਪੁਲਿਸ ਬਲ ਦੀ ਤੈਨਾਤੀ ਕਰਨੀ ਪੈ ਰਹੀ ਹੈ। ਇਸੇ ਤਰ੍ਹਾਂ ਜਰਮਨੀ ਵਿੱਚ ਵੀ ਆਰਥਿਕ ਮੰਦਹਾਲੀ, ਲਗਾਤਾਰ ਵਧ ਰਹੀ ਮਹਿੰਗਾਈ ਅਤੇ ਸਰਕਾਰੀ ਨੀਤੀਆਂ ਪ੍ਰਤੀ ਅਸੰਤੋਸ਼ ਕਾਰਨ ਜਨ-ਰੋਸ ਦਾ ਇਹੋ ਜਿਹਾ ਹੀ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ, ਜਿੱਥੇ ਲੱਖਾਂ ਲੋਕ ਆਪਣੇ ਭਵਿੱਖ ਅਤੇ ਅਧਿਕਾਰਾਂ ਦੀ ਰਾਖੀ ਲਈ ਸੜਕਾਂ 'ਤੇ ਉੱਤਰ ਰਹੇ ਹਨ।

ਇੱਕ ਹੋਰ ਅਹਿਮ ਪੱਖ ਇਹ ਰਿਹਾ ਹੈ ਕਿ ਇਨ੍ਹਾਂ ਦੇਸ਼ਾਂ ਵਿੱਚ ਸੱਤਾ ਤਬਦੀਲੀ ਪਿੱਛੇ ਬਾਹਰੀ ਦਖ਼ਲਅੰਦਾਜ਼ੀ ਵੀ ਸਾਫ਼ ਦੇਖੀ ਗਈ ਹੈ। ਜਿੱਥੇ-ਜਿੱਥੇ ਵੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਖ਼ਲ ਦਿੱਤਾ, ਉੱਥੇ ਦੀ ਟਰੰਪ-ਪੱਖੀ ਸੱਤਾ ਮੂਧੇ ਮੂੰਹ ਡਿੱਗ ਪਈ। ਹੰਗਰੀ ਵਿੱਚ ਅਮਰੀਕੀ ਉਪ ਰਾਸ਼ਟਰਪਤੀ ਵੇਂਸ ਦੀ ਰੈਲੀ ਯਾਤਰਾ ਖ਼ੁਦ ਉਨ੍ਹਾਂ ਦੇ ਆਪਣੇ ਹੀ ਖ਼ਿਲਾਫ਼ ਉਲਟੀ ਪੈ ਗਈ। ਇਸੇ ਤਰ੍ਹਾਂ ਬ੍ਰਾਜ਼ੀਲ ਵਿੱਚ ਅਮਰੀਕੀ ਪਾਬੰਦੀਆਂ ਅਤੇ ਟੈਕਸਾਂ ਨੇ ਉੱਥੋਂ ਦੇ ਨੇਤਾ ਲੂਲਾ ਦੇ ਹੱਕ ਵਿੱਚ ਵੋਟਾਂ ਭੁਗਤਾਉਣ ਦਾ ਕੰਮ ਕੀਤਾ।

ਇਨ੍ਹਾਂ ਸਾਰੀਆਂ ਅੰਤਰਰਾਸ਼ਟਰੀ ਘਟਨਾਵਾਂ ਦੇ ਨਾਲ-ਨਾਲ, ਅਮਰੀਕਾ ਦੇ ਅੰਦਰੂਨੀ ਹਾਲਾਤ ਵਿੱਚ ਵੀ ਇਸ ਸਮੇਂ ਕਈ ਤਰ੍ਹਾਂ ਦੀਆਂ ਸਮਾਨਾਂਤਰ ਚੁਣੌਤੀਆਂ ਵੇਖਣ ਨੂੰ ਮਿਲ ਰਹੀਆਂ ਹਨ। ਅਮਰੀਕਾ ਵਿੱਚ ਹੋ ਰਹੀਆਂ ਨਵੰਬਰ ਦੀਆਂ ਮੱਧ-ਕਾਲੀ ਚੋਣਾਂ ਨੇ ਡੋਨਾਲਡ ਟਰੰਪ ਲਈ ਕਈ ਵੱਡੀਆਂ ਮੁਸ਼ਕਲਾਂ ਅਤੇ ਸਿਆਸੀ ਚੁਣੌਤੀਆਂ ਪੈਦਾ ਕਰ ਦਿੱਤੀਆਂ ਹਨ। ਇਨ੍ਹਾਂ ਚੋਣਾਂ ਵਿੱਚ ਕਈ ਸੂਬਿਆਂ ਦੇ ਗਵਰਨਰ ਅਤੇ ਸੈਨੇਟਰ ਚੁਣੇ ਜਾਣੇ ਹਨ। ਟਰੰਪ ਦੀਆਂ ਸਖ਼ਤ ਰਾਸ਼ਟਰਵਾਦੀ ਨੀਤੀਆਂ, ਆਰਥਿਕ ਅਸਥਿਰਤਾ ਅਤੇ ਲਗਾਤਾਰ ਵਧ ਰਹੀ ਮਹਿੰਗਾਈ ਕਾਰਨ ਆਮ ਲੋਕਾਂ ਵਿੱਚ ਬਹੁਤ ਵੱਡਾ ਰੋਸ ਪਾਇਆ ਜਾ ਰਿਹਾ ਹੈ। ਰਿਪਬਲਿਕਨ ਪਾਰਟੀ ਅਤੇ ਖ਼ੁਦ ਟਰੰਪ ਖ਼ਿਲਾਫ਼ ਦੇਸ਼ ਅੰਦਰ ਵਿਰੋਧ ਦਾ ਮੌਸਮ ਭਖਿਆ ਹੋਇਆ ਹੈ। ਜੇਕਰ ਇਹ ਵਿਰੋਧ ਵੋਟਰਾਂ ਦੀ ਅਸਲ ਤਾਕਤ ਬਣ ਕੇ ਉੱਭਰਦਾ ਹੈ, ਤਾਂ ਟਰੰਪ ਲਈ ਆਉਣ ਵਾਲਾ ਸਮਾਂ ਅਤਿਅੰਤ ਚੁਣੌਤੀਆਂ ਭਰਪੂਰ ਹੋਵੇਗਾ।

ਅਸਲ ਵਿੱਚ ਤਾਂ ਅੱਜ ਪੂਰੀ ਦੁਨੀਆ ਵਿੱਚ ਕ੍ਰਾਂਤੀ ਅਤੇ ਵਿਰੋਧ ਦਾ ਮੌਸਮ ਚੱਲ ਰਿਹਾ ਹੈ। ਇਸ ਸਭ ਦਾ ਮੁੱਖ ਕਾਰਨ ਹਰ ਜਗ੍ਹਾ ਇੱਕੋ ਹੀ ਹੈ- ਲੋਕ ਆਪਣੇ ਦੇਸ਼ ਦੇ ਨੇਤਾਵਾਂ ਦੀਆਂ ਨਾਕਾਮੀਆਂ, ਭ੍ਰਿਸ਼ਟਾਚਾਰ ਅਤੇ ਉਨ੍ਹਾਂ ਦੇ ਝੂਠੇ ਲਾਰਿਆਂ ਤੋਂ ਪੂਰੀ ਤਰ੍ਹਾਂ ਤੰਗ ਆ ਚੁੱਕੇ ਹਨ। ਰੂੜੀਵਾਦੀ ਨੇਤਾਵਾਂ ਦੇ ਉਲਟ, ਨਵੇਂ ਵਿਚਾਰਾਂ ਵਾਲੇ ਨੌਜਵਾਨਾਂ, ਵਿਦਿਆਰਥੀਆਂ ਅਤੇ ਭਰੋਸੇਮੰਦ ਬਦਲਾਂ ਨੇ ਇੱਕ ਨਵੀਂ ਰੁੱਤ ਦੇ ਆਉਣ ਦਾ ਪ੍ਰਤੀਬਿੰਬ ਸਿਰਜ ਦਿੱਤਾ ਹੈ। ਸਿਆਸੀ ਵਿਸ਼ਲੇਸ਼ਕ ਇਸ ਅੰਤਰਰਾਸ਼ਟਰੀ ਉੱਥਲ-ਪੁੱਥਲ ਨੂੰ ਭਾਵੇਂ ਕੋਈ ਲਹਿਰ ਕਹਿਣ ਜਾਂ ਮਹਿਜ਼ ਇੱਕ ਸੰਜੋਗ, ਪਰ ਵੋਟਰਾਂ ਦਾ ਸੰਦੇਸ਼ ਹਰ ਪਾਸੇ ਇੱਕੋ ਹੀ ਦਿਸ਼ਾ ਵੱਲ ਜਾਂਦਾ ਦਿਸਦਾ ਹੈ ਅਤੇ ਉਹ ਹੈ ਲੋਕਤੰਤਰ ਲਈ ਇੱਕ ਅੱਛੀ ਖ਼ਬਰ ਅਤੇ ਲੋਕਤੰਤਰ ਦੇ ਪਾਠ ਦਾ ਇੱਕ ਬਿਲਕੁਲ ਨਵਾਂ ਅਧਿਆਏ।

ਇਹ ਸੱਚ ਹੈ ਕਿ ਹੰਗਰੀ ਅਤੇ ਸਰਬੀਆ ਵਿੱਚ ਸੱਤਾਧਾਰੀਆਂ ਨੇ ਆਪਣੀ ਹਾਰ ਖ਼ੁਦ ਮੰਨ ਲਈ, ਪਰ ਬ੍ਰਾਜ਼ੀਲ ਵਿੱਚ ਲੂਲਾ ਦੀ ਵਿਰੋਧੀ ਧਿਰ ਨੇ ਚੋਣਾਂ ਵਿੱਚ ਧਾਂਦਲੀ ਹੋਣ ਦੇ ਦੋਸ਼ ਲਾਏ ਹਨ। ਇਸੇ ਤਰ੍ਹਾਂ ਇਜ਼ਰਾਈਲ ਵਿੱਚ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਚੈਨਲਾਂ ਉੱਤੇ ਸ਼ੱਕ ਪ੍ਰਗਟ ਕੀਤਾ ਅਤੇ ਬਹੁਮਤ ਨਾ ਮਿਲਣ 'ਤੇ ਸਵਾਲ ਚੁੱਕੇ ਹਨ। ਬਿਨਾਂ ਸ਼ੱਕ, ਹਾਰ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਲੋਕਤੰਤਰ ਦੀ ਇੱਕ ਅਸਲ ਪ੍ਰੀਖਿਆ ਹੈ, ਪਰ ਅਜਿਹੇ ਨਤੀਜੇ ਹਰ ਜਗ੍ਹਾ ਇੱਕੋ ਜਿਹੇ ਦੇਖਣ ਨੂੰ ਨਹੀਂ ਮਿਲਦੇ।

ਸਾਡਾ ਦੇਸ਼ ਭਾਰਤ ਵੀ ਇਸ ਬਦਲਾਅ ਅਤੇ ਸੱਤਾ-ਪਰਿਵਰਤਨ ਦੀ ਹਵਾ ਤੋਂ ਅਛੂਤਾ ਨਹੀਂ ਹੈ। ਦੇਸ਼ ਦੇ ਆਮ ਲੋਕ ਹੁਣ ਵੱਡੇ ਬਦਲਾਅ ਦੀ ਮੰਗ ਖੁੱਲ੍ਹ ਕੇ ਕਰਨ ਲੱਗੇ ਹਨ। ਦੇਸ਼ ਦੀ ਜੋ ਵਿਰੋਧੀ ਧਿਰ ਕਾਫ਼ੀ ਸਮੇਂ ਤੋਂ ਬੇਜਾਨ ਜਿਹੀ ਹੋ ਚੁੱਕੀ ਸੀ, ਉਹ ਹੁਣ ਨਵੀਂ ਊਰਜਾ ਨਾਲ ਸੜਕਾਂ ਉੱਤੇ ਉੱਤਰੀ ਹੈ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸੁਪਰੀਮ ਕੋਰਟ ਸਾਹਮਣੇ ਆਪਣਾ ਸ਼ਕਤੀ ਪ੍ਰਦਰਸ਼ਨ ਕੀਤਾ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਸੜਕਾਂ ਉੱਤੇ ਉੱਤਰੇ। ਰਾਮਲੀਲਾ ਮੈਦਾਨ ਵਿੱਚ ਜਨਤਾ ਦੀ ਭਾਰੀ ਭੀੜ ਇਸ ਰੋਸ ਦਾ ਸਭ ਤੋਂ ਵੱਡਾ ਪ੍ਰਤੀਕ ਬਣੀ ਹੈ। ਲੋਕਾਂ ਨੂੰ ਹੁਣ ਲੋਕਤੰਤਰ ਵਿੱਚ ਬਦਲਾਅ ਲਈ ਇੱਕ ਨਵੀਂ ਉਮੀਦ ਦੀ ਕਿਰਨ ਦਿਖਾਈ ਦੇ ਰਹੀ ਹੈ। ਦੇਸ਼ ਦੇ ਲੋਕ ਮੌਜੂਦਾ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਤੋਂ ਤੰਗ ਆ ਚੁੱਕੇ ਹਨ। ਜਿਸ ਤਰ੍ਹਾਂ ਵਿਦਿਆਰਥੀਆਂ ਅਤੇ ਨੌਜਵਾਨਾਂ ਨੇ ਜੰਤਰ-ਮੰਤਰ ਉੱਤੇ ਡਟ ਕੇ ਆਪਣੀ ਹੋਂਦ ਨੂੰ ਦਰਸਾਇਆ ਹੈ ਅਤੇ ਲੋਕਾਂ ਦੇ ਮਨਾਂ ਵਿੱਚੋਂ ਡਰ ਦੀ ਭਾਵਨਾ ਨੂੰ ਖ਼ਤਮ ਕੀਤਾ ਹੈ, ਉਹ ਅਸਲ ਵਿੱਚ ਮੋਦੀ ਦੇ ਵਿਰੋਧ ਦਾ ਹੀ ਪ੍ਰਗਟਾਵਾ ਹੈ। ਜਦੋਂ ਲੋਕ ਸੜਕਾਂ 'ਤੇ ਉੱਤਰਦੇ ਹਨ, ਤਾਂ ਉਹ ਅਸਲ ਅਰਥਾਂ ਵਿੱਚ ਸੱਤਾਧਾਰੀਆਂ ਵਿਰੁੱਧ ਆਪਣੀ ਅਸੰਤੁਸ਼ਟੀ ਦਾ ਖੁੱਲ੍ਹਾ ਪ੍ਰਗਟਾਵਾ ਕਰ ਰਹੇ ਹੁੰਦੇ ਹਨ।

ਭਾਰਤ ਦੇ ਗੁਆਂਢੀ ਦੇਸ਼ਾਂ ਵਿੱਚ ਵਾਪਰੀਆਂ ਘਟਨਾਵਾਂ ਵੀ ਕੁਝ ਅਜਿਹੇ ਹੀ ਸਾਂਝੇ ਸੂਤਰ ਪੇਸ਼ ਕਰਦੀਆਂ ਹਨ ਜੋ ਪੂਰੇ ਖੇਤਰ ਵਿੱਚ ਫੈਲੀ ਬੇਚੈਨੀ ਨੂੰ ਦਰਸਾਉਂਦੀਆਂ ਹਨ। ਨੇਪਾਲ ਦੀ ਕਹਾਣੀ ਇਸ ਪੱਖੋਂ ਸਭ ਤੋਂ ਵੱਧ ਜ਼ਰੂਰੀ ਜਾਪਦੀ ਹੈ।

ਸਤੰਬਰ 2025 ਵਿੱਚ ਨੇਪਾਲ ਵਿੱਚ ਸੋਸ਼ਲ ਮੀਡੀਆ ਉੱਤੇ ਪਾਬੰਦੀ, ਵੱਧ ਰਹੇ ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ਤੋਂ ਅੱਕੀ ਹੋਈ 'ਜੇਨ-ਜ਼ੀ' ਪੀੜ੍ਹੀ ਸੜਕਾਂ ਉੱਤੇ ਉੱਤਰੀ ਅਤੇ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ। ਇਨ੍ਹਾਂ ਵਿਸ਼ਾਲ ਪ੍ਰਦਰਸ਼ਨਾਂ ਵਿੱਚ ਘੱਟੋ-ਘੱਟ 70 ਲੋਕ ਮਾਰੇ ਗਏ, ਜਿਸ ਕਾਰਨ ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਨੂੰ ਆਖ਼ਰਕਾਰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ। ਇਸ ਤੋਂ ਬਾਅਦ 5 ਮਾਰਚ 2026 ਨੂੰ ਹੋਈਆਂ ਚੋਣਾਂ ਵਿੱਚ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਉੱਤੇ ਲਗਾਮ ਅਤੇ ਬਿਹਤਰ ਪ੍ਰਸ਼ਾਸਨ ਦੇ ਮੁੱਦੇ ਸਭ ਤੋਂ ਅੱਗੇ ਰਹੇ, ਜੋ ਸਤੰਬਰ 2025 ਦੇ ਅੰਦੋਲਨ ਦੌਰਾਨ ਉਠਾਏ ਗਏ ਸਨ। ਨੇਪਾਲ ਵਾਂਗ ਸਰਬੀਆ ਵਿੱਚ ਵੀ ਇਹੋ ਕੁਝ ਦੇਖਣ ਨੂੰ ਮਿਲਿਆ, ਜਿੱਥੇ ਵਿਦਿਆਰਥੀਆਂ ਨੇ ਖ਼ੁਦ ਮੋਰਚਾ ਸੰਭਾਲਿਆ ਅਤੇ ਸੱਤਾ ਦੀਆਂ ਬੁਨਿਆਦਾਂ ਹਿਲਾ ਦਿੱਤੀਆਂ।

ਕੀ ਭਾਰਤ ਵਿੱਚ ਵੀ ਸੱਤਾਧਾਰੀਆਂ ਦਾ ਸਿੰਘਾਸਨ ਡੋਲ ਰਿਹਾ ਹੈ? ਕੀ ਸੱਤਾਧਿਰ ਅੰਦਰਖਾਤੇ ਕਿਸੇ ਵੱਡੀ ਘਬਰਾਹਟ ਵਿੱਚ ਹੈ? ਕੀ ਨੌਜਵਾਨਾਂ ਦੀਆਂ ਨਵੀਆਂ ਪਾਰਟੀਆਂ ਅਤੇ ਧਿਰਾਂ ਹਾਕਮਾਂ ਲਈ ਵੱਡਾ ਚੈਲੰਜ ਬਣ ਕੇ ਉੱਭਰ ਰਹੀਆਂ ਹਨ? ਕੀ ਵਿਰੋਧੀ ਧਿਰ ਦਾ 'ਇੰਡੀਆ' ਗੱਠਜੋੜ ਇਸ ਸਭ ਦਾ ਮੁਕਾਬਲਾ ਕਰਨ ਵਿੱਚ ਪੂਰੀ ਤਰ੍ਹਾਂ ਸਮਰੱਥ ਹੋ ਗਿਆ ਹੈ? ਕੀ ਭਾਰਤ ਵਿੱਚ ਵੀ ਲੰਬੇ ਸਮੇਂ ਦੇ ਸੰਘਰਸ਼ ਤੋਂ ਬਾਅਦ ਸੜਕਾਂ ਤੋਂ ਸ਼ੁਰੂ ਹੋਇਆ ਰੋਸ ਵੋਟਾਂ ਦੇ ਫੈਸਲੇ ਤੱਕ ਪਹੁੰਚਣ ਦਾ ਸਫ਼ਰ ਤੇਜ਼ੀ ਨਾਲ ਤੈਅ ਕਰ ਰਿਹਾ ਹੈ?

ਸੰਕੇਤ ਤਾਂ ਕੁਝ ਇਸੇ ਤਰ੍ਹਾਂ ਦੇ ਮਿਲ ਰਹੇ ਹਨ ਕਿਉਂਕਿ ਦੇਸ਼ ਵਿੱਚ ਵਧ ਰਹੀ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਮਹਿੰਗਾਈ ਨੇ ਆਮ ਬੰਦੇ ਦਾ ਜੀਣਾ ਦੁੱਭਰ ਕਰ ਦਿੱਤਾ ਹੈ। ਦੇਸ਼ ਦਾ ਸਿੰਘਾਸਨ ਹਿਲਦਾ ਸਾਫ਼ ਨਜ਼ਰ ਆ ਰਿਹਾ ਹੈ, ਨਹੀਂ ਤਾਂ ਸੱਤਾਧਾਰੀ ਭਾਜਪਾ ਦੇ ਆਪਣੇ ਹੀ ਵਰਕਰਾਂ ਨੂੰ ਲੋਕਤੰਤਰ ਦੀ ਬਹਾਲੀ ਅਤੇ ਅਰਾਜਕਤਾ ਨੂੰ ਖ਼ਤਮ ਕਰਨ ਦੀ ਮੰਗ ਨੂੰ ਲੈ ਕੇ ਸੜਕਾਂ ਉੱਤੇ ਨਾ ਉੱਤਰਨਾ ਪੈਂਦਾ।

ਇਸੇ ਤਰ੍ਹਾਂ ਅਫ਼ਰੀਕੀ ਦੇਸ਼ਾਂ ਵਿੱਚ ਵੀ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਨਿਰਾਸ਼ਾ ਤੋਂ ਤੰਗ ਆ ਚੁੱਕੇ ਨੌਜਵਾਨਾਂ ਦੀ ਆਵਾਜ਼ ਹੁਣ ਉੱਥੋਂ ਦੇ ਪ੍ਰਭਾਵਸ਼ਾਲੀ ਕਲਾਕਾਰ ਅਤੇ ਗਾਇਕ ਬਣ ਰਹੇ ਹਨ। ਜਿਵੇਂ ਭਾਰਤ ਵਿੱਚ ਕਲਾਕਾਰ ਸੱਤਾ ਨੂੰ ਆਪਣੇ ਗੀਤਾਂ ਅਤੇ ਵਿਅੰਗ ਰਾਹੀਂ ਲਲਕਾਰ ਰਹੇ ਹਨ (ਜਿਵੇਂ ਨੇਹਾ ਸਿੰਘ ਰਾਠੌਰ ਅਤੇ ਹੋਰ ਕਲਾਕਾਰ), ਉਸੇ ਤਰ੍ਹਾਂ ਇਥੋਪੀਆ ਅਤੇ ਕੀਨੀਆ ਵਿੱਚ ਵੀ ਕਲਾਕਾਰ ਆਪਣੇ ਗੀਤਾਂ ਦੇ ਜ਼ਰੀਏ ਆਮ ਲੋਕਾਂ ਨੂੰ ਸਰਕਾਰਾਂ ਵਿਰੁੱਧ ਅੰਦੋਲਨ ਨਾਲ ਜੋੜ ਰਹੇ ਹਨ। ਇਥੋਪੀਆ ਦਾ ਮਸ਼ਹੂਰ ਗਾਇਕ ਟੈਡੀ ਐਫ਼ਰੋ ਅਤੇ ਯੂਗਾਂਡਾ ਦਾ ਗਾਇਕ ਬੌਬੀ ਵਾਇਨ ਆਪਣੀ ਬੁਲੰਦ ਆਵਾਜ਼ ਨਾਲ ਸੱਤਾ ਦੇ ਸਿੰਘਾਸਨ ਨੂੰ ਹਿਲਾ ਰਹੇ ਹਨ। ਮੋਜ਼ਾਮਬੀਕ ਦੇ ਸਵਰਗੀ ਰੈਪਰ ਆਜ਼ਾ ਗਾਈਆ ਦਾ 2023 ਦਾ ਗੀਤ 'ਪੋਵੋ ਨੋ ਪੂਡਰ' ਵੀ ਉੱਥੋਂ ਦੇ ਵੱਡੇ ਜਨ-ਵਿਰੋਧ ਦਾ ਸਭ ਤੋਂ ਵੱਡਾ ਪ੍ਰੇਰਕ ਬਣਿਆ।

ਇਹ ਸਭ ਘਟਨਾਵਾਂ ਇਸ ਗੱਲ ਦਾ ਸਪੱਸ਼ਟ ਅਤੇ ਮਜ਼ਬੂਤ ਪ੍ਰਮਾਣ ਹਨ ਕਿ ਇਸ ਕਿਸਮ ਦਾ ਵਿਰੋਧ ਸਿਰਫ਼ ਕਿਸੇ ਇੱਕ ਦੇਸ਼ ਜਾਂ ਖੇਤਰ ਤੱਕ ਸੀਮਤ ਨਹੀਂ ਹੈ, ਸਗੋਂ ਅੰਤਰਰਾਸ਼ਟਰੀ ਪੱਧਰ ਉੱਤੇ ਇੱਕ ਵੱਡੀ ਲਹਿਰ ਵਜੋਂ ਵਾਪਰ ਰਿਹਾ ਹੈ। ਅੱਜ ਦੁਨੀਆ ਭਰ ਵਿੱਚ ਆਰਥਿਕ ਮੰਦਹਾਲੀ, ਬੇਰੁਜ਼ਗਾਰੀ, ਹਾਕਮਾਂ ਦੇ ਤਾਨਾਸ਼ਾਹੀ ਰਵੱਈਏ ਅਤੇ ਭ੍ਰਿਸ਼ਟਾਚਾਰ ਵਿਰੁੱਧ 'ਵਿਰੋਧ ਦਾ ਮੌਸਮ' ਨਿਰੰਤਰ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਅਤੇ ਸੱਤਾਧਾਰੀਆਂ ਦੇ ਸਿੰਘਾਸਨ ਡਾਵਾਂਡੋਲ ਹੋ ਰਹੇ ਹਨ।

information in Public Interest



ਡਾ.ਗੁਰਦੀਪ ਸਿੰਘ ਵੱਲੋਂ ਪ੍ਰਸਾਰਿਤ ਸਿਹਤ ਵਿਗਿਆਨ (Health Education) ਦੀ ਲੜੀਵਾਰ ਲੈਕਚਰ ਸੀਰੀਜ਼ ਸੁਣੋ। ਰੋਜ਼ਾਨਾ ਕੈਲੀਫੋਰਨੀਆ ਟਾਈਮ ਸਮਾਂ ਸ਼ਾਮ 5 ਵਜੇ ਤੋਂ 6 ਵਜੇ ਤੱਕ। ਇਕ ਦਿਨ ਪੰਜਾਬੀ, ਇਕ ਦਿਨ ਅੰਗਰੇਜੀ ਅਤੇ ਇਕ ਦਿਨ ਹਿੰਦੀ ਵਿੱਚ ਰੇਡੀਓ ਸਬਰੰਗ (www.sabrangstation.com) ਯੂ ਟਿਊਬ, ਫੇਸਬੁੱਕ ਅਤੇ ਸਾਂਝੀ ਸੋਚ ਟੀ.ਵੀ ਉਪਰ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Dr.Gurdip S Sandhu: (408) 687 1899, (925) 587 1148

ਇਸ ਦੀਵਾਲੀ ਮਿਠਾਸ ਤੇ
ਖੁਸ਼ੀਆਂ ਦਾ ਸੁਆਦ ਮਾਣੋ!

STAR INDIA
SWEETS & CATERING
By Ashok Verma

ਦੀਵਾਲੀ ਦੀਆਂ ਖ਼ਾਸ ਮਿਠਾਈਆਂ ਤੇ ਪਕਵਾਨ:
ਦੇਸੀ ਘਿਓ ਦੀਆਂ ਜਲੇਬੀਆਂ, ਸੁਆਦਿਸ਼ਟ ਮਠਿਆਈਆਂ ਤੇ
ਦੀਵਾਲੀ ਦੇ ਖ਼ਾਸ ਪਕਵਾਨ ਅਤੇ ਹੋਰ ਵੀ ਬਹੁਤ ਕੁਝ!





CATERING SERVICES
ਵਿਆਹਾਂ • ਪਾਰਟੀਆਂ • ਹਰ ਤਰ੍ਹਾਂ ਦੇ ਸਮਾਗਮਾਂ ਲਈ
100 ਤੋਂ 2000 ਮਹਿਮਾਨਾਂ ਤੱਕ ਖਾਣੇ ਦਾ ਸ਼ਾਨਦਾਰ ਪ੍ਰਬੰਧ!

CONTACT US
209-629-8511 | 209-858-1380
Cell: 209-681-5171
www.starindiacatering.com

OUR ADDRESS
209 E. Louise Avenue,
Lathrop, California 95330, USA.

STAR INDIA
ਹਰ ਖੁਸ਼ੀ ਦਾ ਸੁਆਦ, ਹਰ ਮੌਕੇ ਦੀ ਸ਼ਾਨ

ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਹਨੋਈ ਪਹੁੰਚੇ ਵੀਅਤਨਾਮੀ ਲੀਡਰਸ਼ਿਪ ਨਾਲ ਕਰਨਗੇ ਗੱਲਬਾਤ

ਹਨੋਈ
ਸਾਂਝੀ ਸੋਚ ਬਿਊਰੋ

ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਐਤਵਾਰ ਨੂੰ ਇੱਕ ਅਧਿਕਾਰਤ ਦੌਰੇ 'ਤੇ ਹਨੋਈ ਪਹੁੰਚੇ। ਇਸ ਦੌਰੇ ਦੌਰਾਨ, ਉਹ 'ਭਾਰਤ-ਵੀਅਤਨਾਮ ਵਧੇ ਹੋਏ ਵਿਆਪਕ ਰਣਨੀਤਕ ਸਾਂਝੇਦਾਰੀ' ਦੇ ਤਹਿਤ ਵੀਅਤਨਾਮੀ ਲੀਡਰਸ਼ਿਪ ਨਾਲ ਮੁਲਾਕਾਤ ਕਰਨਗੇ।

ਮਈ ਵਿੱਚ ਵੀਅਤਨਾਮ ਦੇ ਰਾਸ਼ਟਰਪਤੀ 'ਤੋ ਲਾਮ' ਦੀ ਭਾਰਤ ਫੇਰੀ ਦੌਰਾਨ, ਭਾਰਤ ਅਤੇ ਵੀਅਤਨਾਮ ਨੇ ਆਪਣੇ ਦੁਵੱਲੇ ਸਬੰਧਾਂ ਨੂੰ 'ਵਧੇ ਹੋਏ ਵਿਆਪਕ ਰਣਨੀਤਕ ਸਾਂਝੇਦਾਰੀ' ਦੇ ਪੱਧਰ ਤੱਕ ਉੱਚਾ ਚੁੱਕਿਆ ਸੀ। 'ਐਕਸ''ਤੇ ਇੱਕ ਪੋਸਟ ਵਿੱਚ, ਵੀਅਤਨਾਮ ਵਿੱਚ ਭਾਰਤੀ ਦੂਤਾਵਾਸ ਨੇ ਕਿਹਾ, "ਵੀਅਤਨਾਮ ਵਿੱਚ ਤੁਹਾਡਾ ਸੁਆਗਤ ਹੈ! ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਇੱਕ ਅਧਿਕਾਰਤ ਦੌਰੇ 'ਤੇ ਹਨੋਈ ਪਹੁੰਚੇ ਹਨ। ਇਸ ਦੌਰੇ ਦੌਰਾਨ, ਉਹ 'ਭਾਰਤ-ਵੀਅਤਨਾਮ ਵਧੇ ਹੋਏ ਵਿਆਪਕ ਰਣਨੀਤਕ ਸਾਂਝੇਦਾਰੀ' ਦੇ ਅਨੁਸਾਰ ਵੀਅਤਨਾਮੀ ਲੀਡਰਸ਼ਿਪ ਨਾਲ ਗੱਲਬਾਤ ਕਰਨਗੇ।"27 ਅਕਤੂਬਰ ਨੂੰ, ਨਵੀਂ ਦਿੱਲੀ ਵਿੱਚ 12ਵੇਂ 'ਬ੍ਰਿਕਸ ਸੰਸਦੀ ਫੋਰਮ' ਦੌਰਾਨ, ਲੋਕ ਸਭਾ ਸਪੀਕਰ ਓਮ ਬਿਰਲਾ ਨੇ ਵੀਅਤਨਾਮੀ ਸੰਸਦ ਮੈਂਬਰ 'ਮਾਈ ਡੁੰਗ ਥਾਈ ਕੁਇਨ' ਅਤੇ ਸੰਸਦੀ ਮਿੱਤਰਤਾ ਸਮੂਹ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ। ਇਸ




ਦੌਰਾਨ ਦੋਵਾਂ ਧਿਰਾਂ ਨੇ ਸੰਸਦੀ ਸਬੰਧਾਂ ਨੂੰ ਮਜ਼ਬੂਤ ਕਰਨ, ਸੰਸਥਾਗਤ ਸਹਿਯੋਗ ਨੂੰ ਵਧਾਉਣ, ਅਤੇ ਵਪਾਰ, ਉਦਯੋਗ, ਸੂਚਨਾ ਤਕਨਾਲੋਜੀ ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰਾਂ ਵਿੱਚ ਸਹਿਯੋਗ ਦੇ ਨਵੇਂ ਰਾਹ ਤਲਾਸ਼ਣ ਬਾਰੇ ਚਰਚਾ ਕੀਤੀ। ਬਿਰਲਾ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਇਹ ਆਦਾਨ-ਪ੍ਰਦਾਨ ਸੰਸਦੀ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨਗੇ ਅਤੇ ਭਾਰਤ ਅਤੇ ਵੀਅਤਨਾਮ ਵਿਚਕਾਰ ਸਥਾਈ ਦੋਸਤੀ ਵਿੱਚ ਨਵੀਂ ਤਾਕਤ ਜੋੜਨਗੇ। ਮੀਟਿੰਗ ਦੌਰਾਨ ਕਾਂਗਰਸ ਸੰਸਦ ਮੈਂਬਰ ਸ਼ਸ਼ੀ ਥਰੂਰ ਅਤੇ ਭਾਜਪਾ ਸੰਸਦ ਮੈਂਬਰ ਦਿਲੀਪ ਸੈਕੀਆ ਵੀ ਮੌਜੂਦ ਸਨ। "ਅਸੀਂ ਸੰਸਦੀ ਸ਼ਮੂਲੀਅਤ ਨੂੰ ਵਧਾਉਣ, ਸੰਸਥਾਗਤ ਸਹਿਯੋਗ ਨੂੰ ਉਤਸ਼ਾਹਿਤ ਕਰਨ ਅਤੇ ਵਪਾਰ, ਉਦਯੋਗ, ਸੂਚਨਾ ਤਕਨਾਲੋਜੀ ਅਤੇ ਏਆਈ ਵਿੱਚ ਸਹਿਯੋਗ ਦੇ ਨਵੇਂ ਤਰੀਕਿਆਂ ਦੀ ਖੋਜ ਕਰਨ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ, ਇਹ ਯਕੀਨੀ ਬਣਾਉਣ 'ਤੇ ਕੇਂਦ੍ਰਤ ਕਰਦੇ ਹੋਏ ਕਿ ਤਕਨੀਕੀ ਤਰੱਕੀ ਮਨੁੱਖਤਾ ਦੀ ਸੇਵਾ ਕਰੇ ਅਤੇ ਜਨਤਕ ਭਲਾਈ ਨੂੰ ਉਤਸ਼ਾਹਿਤ ਕਰੇ। ਮੈਨੂੰ ਵਿਸ਼ਵਾਸ ਹੈ ਕਿ ਇਹ ਆਦਾਨ-ਪ੍ਰਦਾਨ ਸਾਡੀ ਸੰਸਦੀ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨਗੇ ਅਤੇ ਸਾਡੇ ਦੋਵਾਂ ਦੇਸ਼ਾਂ ਵਿਚਕਾਰ ਸਥਾਈ ਦੋਸਤੀ ਵਿੱਚ ਨਵੀਂ ਤਾਕਤ ਜੋੜਨਗੇ," ਬਿਰਲਾ ਨੇ ਐਕਸ 'ਤੇ ਕਿਹਾ। ਸਤੰਬਰ ਵਿੱਚ, ਭਾਰਤ ਅਤੇ ਵੀਅਤਨਾਮ ਨੇ ਵਧੀ ਹੋਈ ਵਿਆਪਕ ਰਣਨੀਤਕ ਭਾਈਵਾਲੀ ਅਤੇ ਰੱਖਿਆ ਉਦਯੋਗਿਕ ਸਹਿਯੋਗ ਨੂੰ ਮਜ਼ਬੂਤ ਕਰਨ 'ਤੇ ਚਰਚਾ ਕੀਤੀ। ਇਹ ਚਰਚਾ ਨਵੀਂ ਦਿੱਲੀ ਵਿੱਚ 18ਵੇਂ ਬ੍ਰਿਕਸ ਸੰਮੇਲਨ ਦੇ ਮੌਕੇ 'ਤੇ ਰੱਖਿਆ ਸਕੱਤਰ ਰਾਜੇਸ਼ ਕੁਮਾਰ ਸਿੰਘ ਅਤੇ ਵੀਅਤਨਾਮੀ ਉਪ ਰਾਸ਼ਟਰੀ ਰੱਖਿਆ ਮੰਤਰੀ ਸੀਨੀਅਰ ਲੈਫਟੀਨੈਂਟ ਜਨਰਲ ਨਗੁਏਨ ਟਰੂਓਂਗ ਥਾਂਗ ਵਿਚਕਾਰ ਇੱਕ ਮੀਟਿੰਗ ਦੌਰਾਨ ਹੋਈ।

ਅਮਰੀਕਾ ਦੇ ਫਲੋਰੀਡਾ ਵਿੱਚ ਜਹਾਜ਼ ਹਾਦਸਾਗ੍ਰਸਤ: 9 ਲੋਕਾਂ ਦੀ ਮੌਤ

ਫਲੋਰੀਡਾ
ਸਾਂਝੀ ਸੋਚ ਬਿਊਰੋ

ਅਮਰੀਕਾ ਦੇ ਟਰਾਂਸਪੋਰਟੇਸ਼ਨ ਸਕੱਤਰ ਸੀਨ ਡਫੀ ਨੇ ਦੱਸਿਆ ਕਿ ਐਤਵਾਰ ਨੂੰ ਫਲੋਰੀਡਾ ਦੀ ਪਾਮ ਬੀਚ ਕਾਉਂਟੀ ਵਿੱਚ ਇੱਕ 'ਲੀਅਰਜੈੱਟ 60' ਜਹਾਜ਼ ਰਿਹਾਇਸ਼ੀ ਇਲਾਕੇ ਵਿੱਚ ਹਾਦਸਾਗ੍ਰਸਤ ਹੋ ਗਿਆ, ਜਿਸ ਵਿੱਚ ਸਵਾਰ ਸਾਰੇ 9 ਲੋਕਾਂ ਦੀ ਮੌਤ ਹੋ ਗਈ। ਇਸ ਹਾਦਸੇ ਕਾਰਨ ਸੜਕ ਦੇ ਕਿਨਾਰੇ ਇੱਕ ਵੱਡਾ ਟੋਆ ਬਣ ਗਿਆ ਅਤੇ ਅਧਿਕਾਰੀਆਂ ਨੂੰ ਸੈਂਕੜੇ ਸਥਾਨਕ ਵਸਨੀਕਾਂ ਲਈ ਰਹਿਣ-ਸਹਿਣ ਦਾ ਪ੍ਰਬੰਧ ਕਰਨਾ ਪਿਆ। ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ ਦੇ ਅਨੁਸਾਰ, ਇਹ ਜਹਾਜ਼ ਸਥਾਨਕ ਸਮੇਂ ਅਨੁਸਾਰ ਦੁਪਹਿਰ 12:50 ਵਜੇ ਦੇ ਕਰੀਬ ਕ੍ਰੈਸਟਹੇਵਨ ਨੇੜੇ ਹਾਦਸਾਗ੍ਰਸਤ ਹੋਇਆ। ਇਹ ਜਹਾਜ਼ ਟੈਕਸਾਸ ਦੇ ਆਸਟਿਨ-ਬਰਗਸਟ੍ਰੋਮ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉਡਾਣ ਭਰ ਕੇ ਬਹਾਮਾਸ ਦੇ ਨੌਰਥ ਏਲੀਉਥੇਰਾ ਹਵਾਈ ਅੱਡੇ ਵੱਲ ਜਾ ਰਿਹਾ ਸੀ। ਸੀਨ ਡਫੀ ਨੇ ਐਕਸ 'ਤੇ ਲਿਖਿਆ, "ਜਹਾਜ਼ 'ਤੇ ਸਵਾਰ ਸਾਰੇ 9 ਲੋਕਾਂ ਦੀ ਮੌਤ ਹੋ ਗਈ ਹੈ।" ਉਨ੍ਹਾਂ ਨੇ ਇਸ ਹਾਦਸੇ ਨੂੰ ਇੱਕ "ਭਿਆਨਕ ਤ੍ਰਾਸਦੀ" ਕਰਾਰ ਦਿੱਤਾ ਅਤੇ ਕਿਹਾ ਕਿ ਫ਼ਅਅ, ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਦੀ ਮਦਦ ਲਈ ਆਪਣੇ ਕਰਮਚਾਰੀ ਭੇਜ ਰਿਹਾ ਹੈ, ਜੋ ਇਸ ਹਾਦਸੇ ਦੀ ਜਾਂਚ ਦੀ ਅਗਵਾਈ ਕਰੇਗਾ। ਡਫੀ ਨੇ ਲੋਕਾਂ ਨੂੰ ਪੀੜਤਾਂ ਦੇ ਪਰਿਵਾਰਾਂ ਲਈ ਪ੍ਰਾਰਥਨਾ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਦੋਵੇਂ ਸੰਘੀ ਏਜੰਸੀਆਂ ਸਥਿਤੀ 'ਤੇ ਨਜ਼ਰ ਰੱਖ ਰਹੀਆਂ ਹਨ। ਫ਼ਅਅ ਦੇ ਸ਼ੁਰੂਆਤੀ ਬਿਆਨ ਵਿੱਚ ਪੁਸ਼ਟੀ ਕੀਤੀ ਗਈ ਸੀ ਕਿ ਜਹਾਜ਼ ਵਿੱਚ 9 ਲੋਕ ਸਵਾਰ ਸਨ, ਪਰ ਉਨ੍ਹਾਂ ਦੀ



ਸਥਿਤੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਸੀ। ਬਾਅਦ ਵਿੱਚ ਡਫੀ ਦੇ ਬਿਆਨ ਤੋਂ ਸਪੱਸ਼ਟ ਹੋ ਗਿਆ ਕਿ ਕੋਈ ਵੀ ਵਿਅਕਤੀ ਜਿਉਂਦਾ ਨਹੀਂ ਬਚਿਆ। ਐਤਵਾਰ ਸ਼ਾਮ ਤੱਕ, ਅਧਿਕਾਰੀਆਂ ਨੇ ਮਰਨ ਵਾਲਿਆਂ ਦੀ ਪਛਾਣ ਜਨਤਕ ਨਹੀਂ ਕੀਤੀ ਸੀ, ਨਾ ਹੀ ਇਹ ਦੱਸਿਆ ਸੀ ਕਿ ਉਨ੍ਹਾਂ ਵਿੱਚੋਂ ਕਿੰਨੇ ਯਾਤਰੀ ਸਨ ਅਤੇ ਕਿੰਨੇ ਅਮਲੇ ਦੇ ਮੈਂਬਰ ਸਨ। ਨਾਲ ਹੀ, ਹਾਦਸੇ ਦੇ ਕਾਰਨਾਂ ਬਾਰੇ ਵੀ ਕੋਈ ਅਧਿਕਾਰਤ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਸੀ। ਇਹ ਲੀਅਰਜੈੱਟ ਜਹਾਜ਼ 'ਮਿਲਟਰੀ ਟ੍ਰੇਲ' ਦੇ ਨੇੜੇ, ਕ੍ਰੈਸਟਹੇਵਨ ਬੁਲੇਵਾਰਡ ਅਤੇ 10ਵੇਂ ਐਵੇਨਿਊ ਨੌਰਥ ਦੇ ਵਿਚਕਾਰ ਡਿੱਗਿਆ। ਸਥਾਨਕ ਟੈਲੀਵਿਜ਼ਨ ਚੈਨਲਾਂ 'ਤੇ ਦਿਖਾਈਆਂ ਗਈਆਂ ਤਸਵੀਰਾਂ ਵਿੱਚ ਭਾਰੀ ਅੱਗ, ਸੰਘਣਾ ਧੂੰਆਂ ਅਤੇ ਸੜਕ ਦੇ ਆਲੇ-ਦੁਆਲੇ ਅਤੇ ਨਾਲ ਲੱਗਦੇ ਰਿਹਾਇਸ਼ੀ ਇਲਾਕੇ ਵਿੱਚ ਜਹਾਜ਼ ਦਾ ਮਲਬਾ ਖਿੱਲਰਿਆ ਹੋਇਆ ਨਜ਼ਰ ਆਇਆ। ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਨੇ ਘਟਨਾ ਸਥਾਨ ਦਾ ਕਾਉਂਟੀ ਕਮਿਸ਼ਨਰ ਜੋਏਲ ਫਲੋਰਸ ਨੇ ਕਿਹਾ ਕਿ ਦੋ ਆਸਰਾ ਸਟੈਂਡਬਾਏ 'ਤੇ ਹਨ। ਕਾਉਂਟੀ ਟ੍ਰਾਂਜ਼ਿਟ ਵਾਹਨਾਂ ਨੂੰ ਵਸਨੀਕਾਂ ਨੂੰ ਲਿਜਾਣ ਲਈ ਤਿਆਰ ਕੀਤਾ ਜਾ ਰਿਹਾ ਹੈ, ਜਦੋਂ ਕਿ ਅਮਰੀਕੀ ਰੈੱਡ ਕਰਾਸ ਸਹਾਇਤਾ ਪ੍ਰਦਾਨ ਕਰਨ ਲਈ ਉਪਲਬਧ ਹੈ। ਅਧਿਕਾਰੀਆਂ ਨੇ ਕਿਹਾ ਕਿ ਖੇਤਰ ਦਾ ਬੰਦ ਹੋਣਾ ਐਤਵਾਰ ਤੋਂ ਬਾਅਦ ਵੀ ਜਾਰੀ ਰਹਿ ਸਕਦਾ ਹੈ। ਐਨਟੀਐਸਬੀ ਨੇ ਕਿਹਾ ਕਿ ਉਹ ਇੱਕ ਜਾਂਚ ਟੀਮ ਫਲੋਰੀਡਾ ਭੇਜ ਰਿਹਾ ਹੈ, ਜਿਸ ਦੇ ਮੈਂਬਰਾਂ ਦੇ ਐਤਵਾਰ ਅਤੇ ਸੋਮਵਾਰ ਨੂੰ ਪਹੁੰਚਣ ਦੀ ਉਮੀਦ ਹੈ। ਬੋਰਡ ਨੇ ਸੋਮਵਾਰ ਨੂੰ ਵੈਸਟ ਪਾਮ ਬੀਚ ਵਿੱਚ ਇੱਕ ਮੀਡੀਆ ਬ੍ਰੀਫਿੰਗ ਲਈ ਯੋਜਨਾਵਾਂ ਦਾ ਵੀ ਐਲਾਨ ਕੀਤਾ।

ਲੀਅਰਜੈੱਟ 60 ਬੰਬਾਰਡੀਅਰ ਦੁਆਰਾ ਨਿਰਮਿਤ ਇੱਕ ਜੁੜਵਾਂ-ਇੰਜਣ ਵਾਲਾ ਵਪਾਰਕ ਜਹਾਜ਼ ਹੈ। ਸਥਾਨਕ ਮੀਡੀਆ ਦੁਆਰਾ ਹਵਾਲਾ ਦਿੱਤੇ ਗਏ ਹਵਾਬਾਜ਼ੀ ਰਿਕਾਰਡਾਂ ਦੇ ਅਨੁਸਾਰ, ਸ਼ਾਮਲ ਜਹਾਜ਼ ਵਿੱਚ ਐਨ722ਬੀਡੀ ਰਜਿਸਟ੍ਰੇਸ਼ਨ ਸੀ। ਇਸਦੀ ਰਜਿਸਟਰਡ ਮਾਲਕੀ ਇਹ ਸਥਾਪਿਤ ਨਹੀਂ ਕਰਦੀ ਹੈ ਕਿ ਉਡਾਣ ਕੌਣ ਚਲਾ ਰਿਹਾ ਸੀ।

ਭਾਰਤ ਅਤੇ ਮਿਆਂਮਾਰ ਨੇ ਫੌਜੀ ਸਹਿਯੋਗ ਵਧਾਉਣ 'ਤੇ ਕੀਤੀ ਚਰਚਾ

ਨੇਪੀਡਾਵ
ਸਾਂਝੀ ਸੋਚ ਬਿਊਰੋ

ਭਾਰਤ ਅਤੇ ਮਿਆਂਮਾਰ ਨੇ ਨੇਪੀਡਾਵ ਵਿਖੇ ਅੱਠਵੀਂ ਫੌਜ-ਤੋਂ-ਫੌਜ ਸਟਾਫ ਗੱਲਬਾਤ ਕੀਤੀ, ਜਿਸ ਵਿੱਚ ਸਾਂਝੇ ਸਿਖਲਾਈ, ਅਭਿਆਸਾਂ, ਸਮਰੱਥਾ ਨਿਰਮਾਣ ਅਤੇ ਪੇਸ਼ੇਵਰ ਆਦਾਨ-ਪ੍ਰਦਾਨ ਰਾਹੀਂ ਦੁਵੱਲੇ ਫੌਜੀ ਸਹਿਯੋਗ ਨੂੰ ਵਧਾਉਣ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਦੌਰੇ ਦੌਰਾਨ, ਭਾਰਤੀ ਵਫ਼ਦ ਨੇ ਮਿਆਂਮਾਰ ਫੌਜ ਨੂੰ ਸਿਖਲਾਈ ਸਿਮੂਲੇਟਰ ਸੌਂਪੇ, ਨਵੀਂ ਦਿੱਲੀ ਦੀ ਨਾਪੀਡਾਵ ਪ੍ਰਤੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ। ਐਕਸ 'ਤੇ ਇੱਕ ਪੋਸਟ ਵਿੱਚ, ਭਾਰਤੀ ਫੌਜ ਦੇ ਐਡੀਸ਼ਨਲ ਡਾਇਰੈਕਟੋਰੇਟ ਜਨਰਲ ਆਫ਼ ਪਬਲਿਕ ਇਨਫਰਮੇਸ਼ਨ ਨੇ ਕਿਹਾ: "ਨੇਪੀਡਾਵ ਵਿਖੇ ਆਯੋਜਿਤ 8ਵੀਂ ਭਾਰਤ-ਮਿਆਂਮਾਰ ਫੌਜ-ਤੋਂ-ਫੌਜ ਸਟਾਫ ਗੱਲਬਾਤ, ਸਾਂਝੇ ਸਿਖਲਾਈ, ਅਭਿਆਸਾਂ, ਸਮਰੱਥਾ ਨਿਰਮਾਣ ਅਤੇ ਪੇਸ਼ੇਵਰ ਆਦਾਨ-ਪ੍ਰਦਾਨ ਰਾਹੀਂ ਦੁਵੱਲੇ ਫੌਜੀ ਸਹਿਯੋਗ ਨੂੰ ਵਧਾਉਣ 'ਤੇ ਕੇਂਦਰਿਤ ਸੀ।" "ਭਾਰਤੀ ਫੌਜ ਦੇ ਵਫ਼ਦ ਨੇ ਮਿਆਂਮਾਰ ਫੌਜ ਦੇ ਹਥਿਆਰਬੰਦ ਬਲਾਂ ਦੀ ਸਿਖਲਾਈ ਦੇ ਮੁਖੀ ਨਾਲ ਵੀ ਗੱਲਬਾਤ ਕੀਤੀ, ਤਾਂ ਜੋ ਚੱਲ ਰਹੇ ਸਹਿਯੋਗ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਸ਼ਮੂਲੀਅਤ ਦੇ ਨਵੇਂ ਰਸਤੇ ਲੱਭੇ ਜਾ ਸਕਣ। ਸਮਰੱਥਾ ਨਿਰਮਾਣ ਪ੍ਰਤੀ ਭਾਰਤ ਦੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ, ਸਿਖਲਾਈ ਸਿਮੂਲੇਟਰ ਮਿਆਂਮਾਰ ਫੌਜ ਨੂੰ ਸੌਂਪੇ ਗਏ, ਜਿਸ ਨਾਲ ਦੁਵੱਲੇ ਫੌਜੀ ਸਬੰਧਾਂ ਅਤੇ ਆਪਸੀ ਵਿਸ਼ਵਾਸ ਨੂੰ ਹੋਰ ਮਜ਼ਬੂਤੀ ਮਿਲੀ," ਇਸ ਵਿੱਚ ਅੱਗੇ ਕਿਹਾ ਗਿਆ ਹੈ। 7 ਅਕਤੂਬਰ ਨੂੰ, ਭਾਰਤ ਅਤੇ ਮਿਆਂਮਾਰ ਨੇ ਪਿਛਲੇ ਸਾਲ ਹੋਈ ਆਖਰੀ ਰੱਖਿਆ ਸਹਿਯੋਗ ਮੀਟਿੰਗ ਦੌਰਾਨ ਸਹਿਮਤ ਹੋਏ ਦੁਵੱਲੇ ਰੱਖਿਆ ਪਹਿਲਕਦਮੀਆਂ 'ਤੇ ਹੋਈ ਪ੍ਰਗਤੀ ਦੀ ਸਮੀਖਿਆ ਕੀਤੀ ਅਤੇ ਖੇਤਰ ਵਿੱਚ ਚੱਲ ਰਹੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਨਵੀਆਂ ਪਹਿਲਕਦਮੀਆਂ 'ਤੇ ਚਰਚਾ ਕੀਤੀ। ਇਹ ਚਰਚਾ ਰੱਖਿਆ ਸਕੱਤਰ ਰਾਜੇਸ਼ ਕੁਮਾਰ ਸਿੰਘ ਅਤੇ ਮਿਆਂਮਾਰ ਦੇ ਹਥਿਆਰਬੰਦ ਬਲਾਂ ਦੀ ਸਿਖਲਾਈ ਦੇ ਮੁਖੀ ਲੈਫਟੀਨੈਂਟ ਜਨਰਲ ਪਿਆਏ ਸੋਨ ਲਿਨ ਦੀ ਸਹਿ-ਪ੍ਰਧਾਨਗੀ ਹੇਠ ਤੀਜੀ ਭਾਰਤ-ਮਿਆਂਮਾਰ ਰੱਖਿਆ ਸਹਿਯੋਗ ਮੀਟਿੰਗ ਦੌਰਾਨ ਹੋਈ। "ਭਾਰਤ-ਮਿਆਂਮਾਰ ਰੱਖਿਆ ਸਹਿਯੋਗ ਦੀ ਤੀਜੀ ਮੀਟਿੰਗ 7 ਅਕਤੂਬਰ 2026 ਨੂੰ ਗੁਹਾਟੀ ਵਿੱਚ ਆਯੋਜਿਤ ਕੀਤੀ ਗਈ। ਇਸ ਮੀਟਿੰਗ ਦੀ ਸਾਂਝੀ ਪ੍ਰਧਾਨਗੀ ਰੱਖਿਆ ਸਕੱਤਰ ਸ਼੍ਰੀ ਰਾਜੇਸ਼ ਕੁਮਾਰ ਸਿੰਘ ਅਤੇ ਮਿਆਂਮਾਰ ਦੀਆਂ ਹਥਿਆਰਬੰਦ ਸੈਨਾਵਾਂ ਦੀ ਸਿਖਲਾਈ ਦੇ ਮੁਖੀ, ਲੈਫਟੀਨੈਂਟ ਜਨਰਲ ਪਿਆਏ ਸੋਨ ਲਿਨ ਨੇ ਕੀਤੀ। ਦੋਵਾਂ ਦੇਸ਼ਾਂ ਨੇ 2025 ਵਿੱਚ ਯੰਗੂਨ ਵਿਖੇ ਹੋਈ ਪਿਛਲੀ ਰੱਖਿਆ ਸਹਿਯੋਗ ਮੀਟਿੰਗ ਦੌਰਾਨ ਸਹਿਮਤ ਹੋਏ ਵੱਖ-ਵੱਖ ਦੁਵੱਲੇ ਰੱਖਿਆ ਸਹਿਯੋਗ ਉਪਰਾਲਿਆਂ 'ਤੇ ਹੋਈ ਪ੍ਰਗਤੀ ਦੀ ਸਮੀਖਿਆ ਕੀਤੀ," ਰੱਖਿਆ ਮੰਤਰਾਲੇ ਦੇ ਲੋਕ ਸੰਪਰਕ ਅਧਿਕਾਰੀ ਅਤੇ ਬੁਲਾਰੇ ਨੇ 'ਐਕਸ' (ਟਵਿੱਟਰ) 'ਤੇ ਪੋਸਟ ਕੀਤਾ।



"ਦੋਵਾਂ ਧਿਰਾਂ ਨੇ ਚੱਲ ਰਹੇ ਦੁਵੱਲੇ ਰੱਖਿਆ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਨਵੀਆਂ ਪਹਿਲਕਦਮੀਆਂ 'ਤੇ ਵਿਚਾਰ-ਵਟਾਂਦਰਾ ਕੀਤਾ, ਜਿਸ ਵਿੱਚ ਸਿਖਲਾਈ, ਸਮਰੱਥਾ ਨਿਰਮਾਣ ਅਤੇ ਆਪਸੀ ਸੁਰੱਖਿਆ ਨੂੰ ਵਧਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਮਿਆਂਮਾਰ ਵਿੱਚ ਆਏ ਭਿਆਨਕ ਭੂਚਾਲ ਤੋਂ ਬਾਅਦ, 'ਆਪਰੇਸ਼ਨ ਬ੍ਰਹਮਾ' ਰਾਹੀਂ ਭਾਰਤ ਵੱਲੋਂ ਇੱਕ ਨਜ਼ਦੀਕੀ ਗੁਆਂਢੀ ਅਤੇ ਸੰਕਟ ਦੇ ਸਮੇਂ ਸਭ ਤੋਂ ਪਹਿਲਾਂ ਮਦਦ ਲਈ ਪਹੁੰਚਣ ਵਾਲੇ ਦੇਸ਼ ਵਜੋਂ ਦਿੱਤੀ ਗਈ ਮਾਨਵਤਾਵਾਦੀ ਸਹਾਇਤਾ ਦੀ ਮਿਆਂਮਾਰ ਧਿਰ ਵੱਲੋਂ ਸ਼ਲਾਘਾ ਕੀਤੀ ਗਈ," ਬੁਲਾਰੇ ਨੇ ਅੱਗੇ ਕਿਹਾ।

JASPREET SINGH
ATTORNEY AT LAW USA



JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA

SACRAMENTO, CA
5855 AUBURN BLVD,
SACRAMENTO, CA 95841
+1-917-915-4142

FREMONT, CA
3155 KEARNEY ST, SUITE
#248, FREMONT, CA 94538
+1-510-657-6444

NEW YORK, NY
108-14 JAMAICA AVENUE,
RICHMOND HILL, NY 11418
+1-718-533-8444

FRESNO, CA
1625 E SHAW AVE #122,
FRESNO, CA 93711
+1-559-271-5511

NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699

LOS ANGELES, CA
1013 N BEGONIA AVE,
ONTARIO, CA 91762
+1-917-915-4142

CONTACT
+1-917-915-4142

Jaspreetsinghlaoffice@gmail.com

WE HAVE THE CHEAPEST FARES TO INDIA

LEGEND TRAVEL



JATINDER SINGH

arc accredited agency
CST # 207524-40

Special Fares To India
From
West-coast (us) On
Air India Direct Flights



LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US **(510) 797-9010**

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ!

ਬੰਦੀ ਛੋੜ ਦਿਵਸ ਅਤੇ ਦੀਵਾਲੀ
ਦੀਆਂ ਲੱਖ-ਲੱਖ ਵਧਾਈਆਂ!



8 ਨਵੰਬਰ 2026 ਦਿਨ ਐਤਵਾਰ

ਸੈਨ ਹੋਜ਼ੇ ਗੁਰਦੁਆਰਾ ਸਾਹਿਬ ਵਿਖੇ
ਬੰਦੀ ਛੋੜ ਦਿਵਸ ਅਤੇ ਦੀਵਾਲੀ ਦਾ ਪਾਵਨ ਦਿਹਾੜਾ
ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਵਿਸ਼ੇਸ਼ ਧਾਰਮਿਕ ਸਮਾਗਮ ➤ ਕੀਰਤਨ ❖ ਕਥਾ ❖ ਢਾਡੀ ਵਾਰਾਂ

ਸਮਾਂ ➤ ਸਵੇਰੇ 4:30 ਵਜੇ ਤੋਂ ਰਾਤ 9:30 ਵਜੇ ਤੱਕ



ਖ਼ਾਸ ਪਕਵਾਨ

ਪੀਜ਼ਾ ❖ ਛੋਲੇ-ਭਟੂਰੇ ❖ ਚਾਹ-ਪਕੌੜੇ

ਤੇ ਹੋਰ ਵੀ ਕਈ ਤਰ੍ਹਾਂ ਦੇ ਪਕਵਾਨ

ਸੰਗਤਾਂ ਵੱਲੋਂ ਗੁਰੂ ਘਰ ਦੇ ਬਾਹਰ ਲੰਗਰਾਂ ਲਈ ਵਿਸ਼ੇਸ਼ ਸਟਾਲ ਲਗਾਏ ਜਾਣਗੇ।

ਤਾਂ ਆਓ ! ਗੁਰੂ ਘਰ ਵਿਖੇ ਪਹੁੰਚ ਕੇ ਗੁਰਬਾਣੀ ਦਾ ਲਾਹਾ ਪ੍ਰਾਪਤ ਕਰੀਏ
ਅਤੇ ਸੇਵਾ ਤੇ ਸਾਂਝ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰੀਏ।

ਸਥਾਨ : 3636 Gurdwara Avenue,San Jose, California 95148

ਵਧੇਰੇ ਜਾਣਕਾਰੀ ਲਈ ਸੰਪਰਕ ➤ 408-274-9373

🙏 ਸਮੂਹ ਸੰਗਤਾਂ ਨੂੰ ਪਰਿਵਾਰਾਂ ਸਮੇਤ ਪਹੁੰਚਣ ਲਈ ਨਿੱਘਾ ਸੱਦਾ। 🙏

ਭਾਰਤ ਅਤੇ ਯੂਏਈ ਨੇ 'ਵਿਆਪਕ ਰਣਨੀਤਕ ਭਾਈਵਾਲੀ' ਨੂੰ ਹੋਰ ਡੂੰਘਾ ਕਰਨ ਦੇ ਤਰੀਕਿਆਂ 'ਤੇ ਕੀਤੀ ਚਰਚਾ

ਦੁਬਈ
ਸਾਂਝੀ ਸੋਚ ਬਿਊਰੋ



ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਯੂ.ਏ.ਈ. ਦੀ ਰਾਜ ਮੰਤਰੀ ਅਤੇ ਭਾਰਤ ਲਈ ਵਿਸ਼ੇਸ਼ ਦੂਤ, ਰੀਮ ਅਲ ਹਾਸ਼ਿਮੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੋਵਾਂ ਧਿਰਾਂ ਨੇ ਦੁਵੱਲੇ ਸਬੰਧਾਂ ਦੀ ਸਮੀਖਿਆ ਕੀਤੀ ਅਤੇ 'ਵਿਆਪਕ ਰਣਨੀਤਕ ਭਾਈਵਾਲੀ' ਨੂੰ ਹੋਰ ਮਜ਼ਬੂਤ ਤੇ ਡੂੰਘਾ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ। ਮੁਲਾਕਾਤ ਦੌਰਾਨ, ਮਿਸਰੀ ਅਤੇ ਅਲ ਹਾਸ਼ਿਮੀ ਨੇ ਪੱਛਮੀ ਏਸ਼ੀਆ ਦੀ ਸਥਿਤੀ ਅਤੇ ਆਪਸੀ ਦਿਲਚਸਪੀ ਦੇ ਵਿਸ਼ਵਵਿਆਪੀ ਮੁੱਦਿਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ।

ਯੂ.ਏ.ਈ. ਵਿੱਚ ਭਾਰਤੀ ਦੂਤਾਵਾਸ ਨੇ 'ਐਕਸ''ਤੇ ਇਸ ਮੁਲਾਕਾਤ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ, "ਵਿਦੇਸ਼ ਸਕੱਤਰ ਸ਼੍ਰੀ ਵਿਕਰਮ ਮਿਸਰੀ ਨੇ ਯੂ.ਏ.ਈ. ਦੀ ਰਾਜ ਮੰਤਰੀ ਅਤੇ ਭਾਰਤ ਲਈ ਵਿਸ਼ੇਸ਼ ਦੂਤ, ਰੀਮ ਅਲ ਹਾਸ਼ਿਮੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਭਾਰਤ-ਯੂ.ਏ.ਈ. ਦੁਵੱਲੇ ਸਬੰਧਾਂ ਦੇ ਸਾਰੇ ਪਹਿਲੂਆਂ ਦੀ ਸਮੀਖਿਆ ਕੀਤੀ ਅਤੇ 'ਵਿਆਪਕ ਰਣਨੀਤਕ ਭਾਈਵਾਲੀ' ਨੂੰ ਹੋਰ ਡੂੰਘਾ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਪੱਛਮੀ ਏਸ਼ੀਆ ਦੀ ਸਥਿਤੀ ਅਤੇ ਆਪਸੀ ਦਿਲਚਸਪੀ ਦੇ ਵਿਸ਼ਵਵਿਆਪੀ ਮੁੱਦਿਆਂ 'ਤੇ ਵੀ ਵਿਚਾਰ ਸਾਂਝੇ ਕੀਤੇ।"

ਇਸ ਤੋਂ ਪਹਿਲਾਂ, ਯੂ.ਏ.ਈ. ਵਿੱਚ ਭਾਰਤ ਦੇ ਰਾਜਦੂਤ ਦੀਪਕ ਮਿੱਤਲ ਨੇ ਵਿਕਰਮ ਮਿਸਰੀ ਦਾ ਯੂ.ਏ.ਈ. ਪਹੁੰਚਣ 'ਤੇ ਸਵਾਗਤ ਕੀਤਾ, ਜੋ ਉੱਥੇ ਇੱਕ ਅਧਿਕਾਰਤ ਦੌਰੇ 'ਤੇ ਆਏ ਸਨ।20 ਅਕਤੂਬਰ ਨੂੰ, ਵਿਦੇਸ਼ ਮੰਤਰੀ ਐਸ. ਜੈਸ਼ੰਕਰ ਅਤੇ ਯੂ.ਏ.ਈ. ਦੇ ਉਨ੍ਹਾਂ ਦੇ ਹਮਰੁਤਬਾ ਸ਼ੇਖ ਅਬਦੁੱਲਾ ਬਿਨ ਜ਼ਾਇਦ ਅਲ ਨਾਹਯਾਨ ਨੇ ਮੁੰਬਈ ਵਿੱਚ ਮੁਲਾਕਾਤ ਕੀਤੀ ਸੀ। ਇਸ ਦੌਰਾਨ ਉਨ੍ਹਾਂ ਨੇ ਦੁਵੱਲੇ ਸਬੰਧਾਂ ਦੀ ਸਮੀਖਿਆ ਕੀਤੀ ਅਤੇ ਵਿਆਪਕ ਰਣਨੀਤਕ ਤੇ ਆਰਥਿਕ ਭਾਈਵਾਲੀ ਨੂੰ ਵਧਾਉਣ ਦੇ ਮੌਕਿਆਂ 'ਤੇ ਚਰਚਾ ਕੀਤੀ ਸੀ।

ਵਿਦੇਸ਼ ਮੰਤਰੀ ਜੈਸ਼ੰਕਰ ਨੇ ਕਿਹਾ ਕਿ ਭਾਰਤ-ਯੂ.ਏ.ਈ. ਸਬੰਧ ਇੱਕ 'ਵਿਆਪਕ ਰਣਨੀਤਕ ਭਾਈਵਾਲੀ' ਵਜੋਂ ਆਪਣੇ ਵਾਅਦੇ 'ਤੇ ਖਰੇ ਉਤਰ ਰਹੇ ਹਨ। ਇਸ ਮੁਲਾਕਾਤ ਦੌਰਾਨ ਵਿਦੇਸ਼ ਸਕੱਤਰ ਵਿਕਰਮ ਮਿਸਰੀ, ਵਿਦੇਸ਼ ਮੰਤਰਾਲੇ ਵਿੱਚ ਵਧੀਕ ਸਕੱਤਰ (ਖਾੜੀ ਮਾਮਲੇ) ਅਸੀਮ ਮਹਾਜਨ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਬਲਜੋਤ ਕੌਰ ਦੇ ਰਾਜ ਪੱਧਰੀ ਤਾਈਕਵਾਂਡੋ ਟੂਰਨਾਮੈਂਟ ਵਿੱਚ ਜਿੱਤਿਆ ਗੋਲਡ ਮੈਡਲ

ਪਟਿਆਲਾ
ਸਾਂਝੀ ਸੋਚ ਬਿਊਰੋ



70ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਤਹਿਤ ਅੰਡਰ-14 ਲੜਕੀਆਂ ਦਾ ਰਾਜ ਪੱਧਰੀ ਤਾਈਕਵਾਂਡੋ ਟੂਰਨਾਮੈਂਟ ਪਲੇ ਵੇਜ਼ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਵਿਖੇ ਪੂਰੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਟੂਰਨਾਮੈਂਟ ਦੌਰਾਨ ਪੰਜਾਬ ਭਰ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਆਈਆਂ ਚੋਣਵੀਆਂ ਖਿਡਾਰਨਾਂ ਨੇ ਆਪਣੀ ਖੇਡ ਪ੍ਰਤਿਭਾ ਦਾ ਬਾਖੂਬੀ ਪ੍ਰਦਰਸ਼ਨ ਕੀਤਾ। ਇਸ ਟੂਰਨਾਮੈਂਟ ਵਿੱਚ ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ (ਪਟਿਆਲਾ) ਦੀ ਹੋਣਹਾਰ ਖਿਡਾਰਨ ਬਲਜੋਤ ਕੌਰ ਪੁੱਤਰੀ ਜਗਵੰਤ ਸਿੰਘ ਨੇ ਆਪਣੀ ਖੇਡ ਕਲਾ ਅਤੇ ਦਮਖ਼ਮ ਦਾ ਸ਼ਾਨਦਾਰ ਮੁਜ਼ਾਹਰਾ ਕੀਤਾ। ਬਲਜੋਤ ਕੌਰ ਨੇ ਆਪਣੇ ਕੋਚ ਮਮਤਾ ਰਾਣੀ (ਪੀ.ਟੀ.ਆਈ., ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ, ਪਟਿਆਲਾ) ਦੀ ਸੁਚੱਜੀ ਅਗਵਾਈ ਅਤੇ ਦਿਸ਼ਾ-ਨਿਰਦੇਸ਼ਾਂ ਹੇਠ ਮੁਕਾਬਲਿਆਂ ਵਿੱਚ ਹਿੱਸਾ ਲੈਂਦਿਆਂ ਵਿਰੋਧੀ ਖਿਡਾਰਨਾਂ ਨੂੰ ਕਰੜੀ ਟੱਕਰ ਦਿੱਤੀ।

ਖੇਡ ਦੇ ਇਸ ਫਾਈਨਲ ਮੁਕਾਬਲੇ ਵਿੱਚ ਬਿਹਤਰੀਨ ਤਕਨੀਕ ਅਤੇ ਹੁਨਰ ਸਦਕਾ ਉਸ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਆਪਣੇ ਨਾਮ ਕੀਤਾ ਅਤੇ ਸਕੂਲ ਤੇ ਜ਼ਿਲ੍ਹੇ ਦਾ ਨਾਂ ਰੌਸ਼ਨ ਕੀਤਾ। ਮਮਤਾ ਰਾਣੀ ਜੀ ਨੇ ਕਿਹਾ ਕਿ ਬਲਜੋਤ ਕੌਰ ਨੇ ਇਸ ਟੂਰਨਾਮੈਂਟ ਲਈ ਬਹੁਤ ਮਿਹਨਤ ਕੀਤੀ ਸੀ ਅਤੇ ਇਹ ਸਫਲਤਾ ਉਸ ਦੀ ਮਿਹਨਤ ਦਾ ਹੀ ਨਤੀਜਾ ਹੈ। ਖਿਡਾਰਨ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਖੇਡ ਪ੍ਰਬੰਧਕਾਂ ਅਤੇ ਕੋਚ ਸਾਹਿਬਾਨ ਨੇ ਉਸ ਦੀ ਭਰਪੂਰ ਸ਼ਲਾਘਾ ਕੀਤੀ।

ਇਸ ਸ਼ੁਭ ਮੌਕੇ 'ਤੇ ਮੋਹਿਤ ਕੁਮਾਰ, ਬੁੱਧ ਰਾਮ, ਸਤਵਿੰਦਰ ਸਿੰਘ, ਸੁਰਿੰਦਰਪਾਲ ਸਿੰਘ, ਮਨਪ੍ਰੀਤ ਸਿੰਘ ਮਲੱਣ, ਕੁਲਦੀਪ ਕੌਰ, ਹਰੀਸ਼ ਸਿੰਘ, ਸ਼ਸ਼ੀ ਮਾਨ ਸਮੇਤ ਹੋਰ ਅਧਿਆਪਕ ਅਤੇ ਕੋਚ ਸਾਹਿਬਾਨ ਹਾਜ਼ਰ ਸਨ। ਸਮੂਹ ਸ਼ਖ਼ਸੀਅਤਾਂ ਨੇ ਬਲਜੋਤ ਕੌਰ, ਉਸ ਦੇ ਮਾਤਾ-ਪਿਤਾ ਅਤੇ ਕੋਚ ਮਮਤਾ ਰਾਣੀ ਨੂੰ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿੱਚ ਵੀ ਕੌਮੀ ਪੱਧਰ 'ਤੇ ਮੱਲਾਂ ਮਾਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਯੂਰਪ ਦੇ 7 ਦੇਸ਼ਾਂ ਵਿੱਚ ਸੁਪਰਮਾਰਕੀਟਾਂ 'ਤੇ ਸਾਈਬਰ ਹਮਲਾ

ਬੈਲਜੀਅਮ
ਸਾਂਝੀ ਸੋਚ ਬਿਊਰੋ



7 ਯੂਰਪੀ ਦੇਸ਼ਾਂ ਵਿੱਚ ਸੁਪਰਮਾਰਕੀਟਾਂ ਦੇ ਫਰਿੱਜਾਂ ਅਤੇ ਫ੍ਰੀਜ਼ਰਾਂ 'ਤੇ ਸਾਈਬਰ ਹਮਲਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਹੈਕਰਾਂ ਨੇ ਔਨਲਾਈਨ ਸਿਸਟਮ 'ਤੇ ਸੇਂਧਮਾਰੀ ਕਰਕੇ ਫਰਿੱਜਾਂ ਦਾ ਤਾਪਮਾਨ ਵਧਾ ਦਿੱਤਾ, ਜਿਸ ਕਾਰਨ ਦੁੱਧ, ਮਾਸ ਅਤੇ ਹੋਰ ਖਾਣ-ਪੀਣ ਦੀਆਂ ਚੀਜ਼ਾਂ ਖਰਾਬ ਹੋ ਗਈਆਂ।

ਯੂਰਪ ਦੇ ਦੇਸ਼ਾਂ ਜਿਵੇਂ ਕਿ ਬੈਲਜੀਅਮ, ਸਵੀਡਨ, ਨੀਦਰਲੈਂਡ, ਐਸਟੋਨੀਆ, ਲਕਸਮਬਰਗ, ਫਿਨਲੈਂਡ ਅਤੇ ਆਇਰਲੈਂਡ ਵਿੱਚ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਬੈਲਜੀਅਮ ਵਿੱਚ, ਕੁਝ ਸਟੋਰਾਂ ਵਿੱਚ ਫਰਿੱਜ ਦਾ ਤਾਪਮਾਨ 70 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਯੂਰੋਨਿਊਜ਼ ਦੇ ਅਨੁਸਾਰ, ਇਹ ਹਮਲੇ ਐਤਵਾਰ ਰਾਤ ਅਤੇ ਸੋਮਵਾਰ ਸਵੇਰ ਦੇ ਵਿਚਕਾਰ ਹੋਏ। 12 ਅਕਤੂਬਰ ਨੂੰ ਫਰਾਂਸ ਵਿੱਚ ਸੈਂਕੜੇ ਸੁਪਰਮਾਰਕੀਟਾਂ 'ਤੇ ਅਜਿਹਾ ਹੀ ਹਮਲਾ ਹੋਇਆ ਸੀ।

ਦੱਸ ਦਈਏ ਕਿ ਅੱਜਕੱਲ੍ਹ, ਸੁਪਰਮਾਰਕੀਟ ਦੇ ਰੈਫ੍ਰਿਜਰੇਟਰ ਅਤੇ ਫ੍ਰੀਜ਼ਰ ਨੂੰ ਇੰਟਰਨੈੱਟ ਰਾਹੀਂ ਰਿਮੋਟਲੀ ਕੰਟਰੋਲ ਕੀਤਾ ਜਾ ਸਕਦਾ ਹੈ। ਇਸ ਲਈ, ਕਿਸੇ ਖਰਾਬੀ ਜਾਂ ਹੈਕ ਦੇ ਨਤੀਜੇ ਵਜੋਂ ਸਟੋਰ ਦਾ ਸਾਰਾ ਸਟਾਕ ਖਤਮ ਹੋ ਸਕਦਾ ਹੈ।

ਮਾਨਸਾ ਪੁਲਿਸ ਲਾਠੀਚਾਰਜ ਮਾਮਲੇ ਦੀ ਪੰਜਾਬ-ਹਰਿਆਣਾ ਹਾਈਕੋਰਟ ਵਿੱਚ ਅੱਜ ਸੁਣਵਾਈ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ



ਮਾਨਸਾ ਵਿੱਚ ਪੁਲਿਸ ਲਾਠੀਚਾਰਜ ਨਾਲ ਜੁੜੇ ਮਾਮਲੇ ਦੀ ਅੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸੁਣਵਾਈ ਹੋਵੇਗੀ। ਅਦਾਲਤ ਵਿੱਚ ਇਹ ਮਾਮਲਾ ਸਵੇਰੇ 10 ਵਜੇ ਸੁਣਿਆ ਜਾਵੇਗਾ। ਇਹ ਵਿਵਾਦ 27 ਅਕਤੂਬਰ ਨੂੰ ਮਾਨਸਾ ਜ਼ਿਲ੍ਹੇ ਦੇ ਪਿੰਡ ਭੰਮੇ ਕਲਾਂ ਵਿੱਚ ਨਸ਼ੇ ਦੀ ਓਵਰਡੋਜ਼ ਕਾਰਨ ਦਲਜੀਤ ਸਿੰਘ ਦੀ ਹੋਈ ਮੌਤ ਤੋਂ ਬਾਅਦ ਪੈਦਾ ਹੋਇਆ ਸੀ। ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਦਲਜੀਤ ਸਿੰਘ ਦੀ ਮੌਤ ਤੋਂ ਬਾਅਦ ਪਰਿਵਾਰਕ ਮੈਂਬਰ ਅਤੇ ਪਿੰਡ ਵਾਸੀ ਉਸ ਦੀ ਲਾਸ਼ ਨਾਲ ਲੈ ਕੇ ਨਸ਼ਾ ਤਸਕਰਾਂ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨ ਜਾ ਰਹੇ ਸਨ। ਇਸ ਦੌਰਾਨ ਪੁਲਿਸ ਨੇ ਰਾਮਦਿੱਤੇਵਾਲਾ ਚੌਕ ਵਿਖੇ ਉਨ੍ਹਾਂ ਦਾ ਰਸਤਾ ਰੋਕ ਦਿੱਤਾ ਅਤੇ ਪ੍ਰਦਰਸ਼ਨਕਾਰੀਆਂ 'ਤੇ ਲਾਠੀਚਾਰਜ ਕੀਤਾ। ਪਟੀਸ਼ਨਕਰਤਾਵਾਂ ਮੁਤਾਬਕ ਪੁਲਿਸ ਨੇ ਗੱਡੀ ਵਿੱਚੋਂ ਲਾਸ਼ ਕੱਢ ਕੇ ਆਪਣੇ ਕਬਜ਼ੇ ਵਿੱਚ ਲੈ ਲਈ। ਉਨ੍ਹਾਂ ਇਹ ਵੀ ਦੋਸ਼ ਲਾਇਆ ਹੈ ਕਿ ਕਿੰਨੇ ਦਿਨ ਬੀਤ ਜਾਣ ਦੇ ਬਾਵਜੂਦ ਪਰਿਵਾਰ ਨੂੰ ਲਾਸ਼ ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਹੁਣ ਇਸ ਮਾਮਲੇ ਵਿੱਚ ਹਾਈਕੋਰਟ ਦੀ ਸੁਣਵਾਈ 'ਤੇ ਸਾਰਿਆਂ ਦੀ ਨਜ਼ਰ ਟਿਕੀ ਹੋਈ ਹੈ।





Where Compassion Meets True

LUXURY

Discover an exclusive living experience designed for seniors living with dementia, schizophrenia, bipolar disorder, and complex mental health needs where clinical excellence meets comfort, dignity, and elegance

Refundable deposit of $500,000 with 8% annual interest

Exclusive Long-Term Luxury Living Opportunity

With only **25 exclusive units** available, we offer limited availability for discerning residents seeking long term luxury care through compassionate support and refined living.

Luxury Living with Expert Care

- 24/7 Highly Trained Care Staff
- On-site Senior Psychologist
- Licensed Registered Nurse (RN)
- Regular visits by a psychiatrist and physician

Healing Garden Therapy

Serene outdoor garden designed for relaxation, featuring walking paths, sitting areas, and peaceful natural surrounding that support emotional well-being

Full-Service Lifestyle Assistance

- We schedule all doctor appointments,
- Staff escort residents to medical appointments,
- Transportation for church, shopping and outings.

Music Therapy

Guided therapeutic sessions using soothing music, drumming, and movement to reduce stress, enhance mood, lift spirits, and increase cognitive well-being

Daily Cost Ranges from $250 to $500 Per Day

depending on the level of care required.

ST. MICHAEL ASSISTED LIVING Dinuba, CA


St. Michael Assisted Living

Dinuba, CA

Location: Dinuba, CA

Contact: (925) 285-9881 (559) 915-9045

Website: www.stmichaelrcfe.com



DR. HARMESH KUMAR
PRESIDENT, CEO & PSYCHOLOGIST

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ!

ਗੁਰੂ ਰੂਪ ਸਾਧ ਸੰਗਤ ਜੀਓ,

ਸੈਨ ਹੋਜ਼ੇ ਗੁਰਦੁਆਰਾ ਸਾਹਿਬ ਵਿਖੇ **ਨਵੰਬਰ ਮਹੀਨੇ** ਦੌਰਾਨ ਵੱਖ-ਵੱਖ ਧਾਰਮਿਕ ਸਮਾਗਮ, ਗੁਰਪੁਰਬ ਅਤੇ ਵਿਸ਼ੇਸ਼ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

1 ਨਵੰਬਰ 2026
ਐਤਵਾਰ

1984 ਦੇ ਦਿੱਲੀ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸ਼ਹੀਦੀ ਸਮਾਗਮ

1984 ਦੇ ਦਿੱਲੀ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸ਼ਹੀਦੀ ਸਮਾਗਮ ਕਰਵਾਇਆ ਜਾਵੇਗਾ। ਆਓ, ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ।



3 ਨਵੰਬਰ 2026
ਮੰਗਲਵਾਰ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਗੱਦੀ ਦਿਵਸ ਮੌਕੇ ਵਿਸ਼ੇਸ਼ ਸਮਾਗਮ

ਇਸ ਮੌਕੇ ਸਵੇਰ ਤੇ ਸ਼ਾਮ ਦੇ ਦੀਵਾਨ ਸਮੇਂ ਕੀਰਤਨ, ਗੁਰਮਤਿ ਵਿਚਾਰ, ਕਥਾ ਅਤੇ ਇਤਿਹਾਸ ਨਾਲ ਸੰਗਤ ਨੂੰ ਜੋੜਿਆ ਜਾਵੇਗਾ।



8 ਨਵੰਬਰ 2026
ਐਤਵਾਰ

ਬੰਦੀ ਛੋੜ ਦਿਵਸ ਅਤੇ ਦੀਵਾਲੀ ਦਾ ਪਾਵਨ ਦਿਹਾੜਾ

ਇਸ ਮੌਕੇ ਕੀਰਤਨ ਅਤੇ ਕਥਾ ਦਾ ਵਿਸ਼ੇਸ਼ ਪ੍ਰੋਗਰਾਮ ਹੋਵੇਗਾ।
ਸਮਾਂ: ਸਵੇਰੇ 4:30 ਵਜੇ ਤੋਂ ਰਾਤ 9:30 ਵਜੇ ਤੱਕ।



15 ਨਵੰਬਰ 2026
ਐਤਵਾਰ

ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ

ਕੀਰਤਨ, ਕਥਾ ਅਤੇ ਗੁਰਮਤਿ ਵਿਚਾਰਾਂ ਰਾਹੀਂ ਬਾਬਾ ਦੀਪ ਸਿੰਘ ਜੀ ਦੀ ਮਹਾਨ ਸ਼ਹਾਦਤ ਅਤੇ ਸਿੱਖ ਪੰਥ ਲਈ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ ਜਾਵੇਗਾ।
ਸਮਾਂ: ਸਵੇਰੇ 4 ਵਜੇ ਤੋਂ 10 ਵਜੇ ਤੱਕ ਅਤੇ ਸ਼ਾਮ 4:45 ਵਜੇ ਤੋਂ 8:30 ਵਜੇ ਤੱਕ।



15 ਨਵੰਬਰ 2026
(ਵਿਸ਼ੇਸ਼ ਪ੍ਰੋਗਰਾਮ)
ਐਤਵਾਰ

ਵਿਸ਼ੇਸ਼ ਸਿੱਖ ਇਤਿਹਾਸ ਵਰਚੁਅਲ ਰਿਐਲਿਟੀ ਸ਼ੋਅ

ਇਸੇ ਦਿਨ, ਸੰਗਤ ਲਈ ਇੱਕ ਵਿਸ਼ੇਸ਼ ਸਿੱਖ ਇਤਿਹਾਸ ਵਰਚੁਅਲ ਰਿਐਲਿਟੀ ਸ਼ੋਅ ਵੀ ਕਰਵਾਇਆ ਜਾ ਰਿਹਾ ਹੈ। ਇਸ ਰਾਹੀਂ ਸੰਗਤ ਨੂੰ ਸਿੱਖ ਇਤਿਹਾਸ ਦਾ ਅਨੋਖਾ ਅਨੁਭਵ ਪ੍ਰਾਪਤ ਹੋਵੇਗਾ।
ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ। ਸਥਾਨ: ਲੰਗਰ ਹਾਲ।



15 ਨਵੰਬਰ ਤੋਂ
24 ਨਵੰਬਰ 2026

ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ

ਇਹ ਪ੍ਰਭਾਤ ਫੇਰੀਆਂ ਹਰ ਰੋਜ਼ ਸਵੇਰੇ 4:30 ਵਜੇ ਤੋਂ 5:30 ਤੱਕ ਕੱਢੀਆਂ ਜਾਣਗੀਆਂ। ਸੰਗਤਾਂ ਨੂੰ ਇਨ੍ਹਾਂ ਪ੍ਰਭਾਤ ਫੇਰੀਆਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।



20 ਨਵੰਬਰ 2026
ਸ਼ੁੱਕਰਵਾਰ

ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ

ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ ਵੀ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ।



21 ਨਵੰਬਰ 2026
ਸ਼ਨੀਵਾਰ

ਭਾਈਚਾਰਕ ਏਕਤਾ ਦੇ ਸੰਦੇਸ਼ ਨਾਲ 5K Walk/Run for Humanity

ਦਾਂ ਇੱਕ ਖਾਸ ਪ੍ਰੋਗਰਾਮ ਕਰਵਾਈ ਜਾ ਰਿਹਾਂ ਹੈ।



24 ਨਵੰਬਰ 2026
ਮੰਗਲਵਾਰ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ ਪੁਰਬ

ਇਸ ਮੌਕੇ ਸਵੇਰੇ 4:30 ਵਜੇ ਤੋਂ 7:45 ਵਜੇ ਤੱਕ ਕੀਰਤਨ, ਕਥਾ ਅਤੇ ਚਾਡੀ ਵਾਰਾਂ ਦਾ ਵਿਸ਼ੇਸ਼ ਪ੍ਰੋਗਰਾਮ ਹੋਵੇਗਾ।



ਹਰ ਸੋਮਵਾਰ,
ਮੰਗਲਵਾਰ ਅਤੇ ਵੀਰਵਾਰ

ਗੁਰਦੁਆਰਾ ਸਾਹਿਬ ਦੇ ਸੀਨੀਅਰ ਸਿਟੀਜ਼ਨ ਸੈਂਟਰ ਵੱਲੋਂ ਬਜ਼ੁਰਗਾਂ ਲਈ **WEEKLY GET TOGETHER** ਦਾ ਵੀ ਪ੍ਰਬੰਧ ਕੀਤਾ ਗਿਆ ਹੈ।
ਸਮਾਂ: ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ।



ਸੋ ਸਾਧ ਸੰਗਤ ਜੀਓ, ਨਵੰਬਰ ਮਹੀਨੇ ਦੌਰਾਨ ਹੋਣ ਵਾਲੇ ਇਨ੍ਹਾਂ ਸਾਰੇ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਵਿੱਚ ਆਪਣੇ ਪਰਿਵਾਰਾਂ ਸਮੇਤ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ
ਤੁਸੀਂ ਸੰਪਰਕ ਕਰੋ:
408-274-9373

ਸਥਾਨ:
3636 Gurdwara Avenue,
San Jose, California 95148

ਆਓ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੁੜੀਏ,
ਆਪਣੇ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜੀਏ
ਅਤੇ ਗੁਰੂ ਘਰ ਦੀਆਂ ਖੁਸ਼ੀਆਂ ਸਾਂਝੀਆਂ ਕਰੀਏ।

ਬੰਦੀ ਛੋੜ ਦਿਵਸ ਅਤੇ ਦੀਵਾਲੀ ਨੂੰ ਸਮਰਪਿਤ
ਵਿਸ਼ੇਸ਼ ਧਾਰਮਿਕ ਸਮਾਗਮ



ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ



ਆਓ, ਇਸ ਪਾਵਨ ਦਿਹਾੜੇ ਨੂੰ
ਗੁਰਬਾਣੀ, ਕੀਰਤਨ ਅਤੇ ਗੁਰੂ ਸਾਹਿਬ ਦੀਆਂ
ਅਸੀਸਾਂ ਨਾਲ ਹੋਰ ਵੀ ਯਾਦਗਾਰੀ ਬਣਾਈਏ।



8 ਨਵੰਬਰ

ਸ਼ਾਮ 5:00 ਵਜੇ
ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਸ਼ਾਮ 6:00 ਤੋਂ ਰਾਤ 9:00 ਵਜੇ ਤੱਕ
ਵਿਸ਼ੇਸ਼ ਕੀਰਤਨ ਅਤੇ ਕਥਾ ਸਮਾਗਮ

ਕੀਰਤਨ ਅਤੇ ਕਥਾ ਦੀ ਹਾਜ਼ਰੀ



- ਭਾਈ ਹਰਪ੍ਰੀਤ ਸਿੰਘ ਜੀ
- ਭਾਈ ਤਵਨੀਤ ਸਿੰਘ ਜੀ
- ਭਾਈ ਗੁਰਬਚਨ ਸਿੰਘ ਜੀ
- ਗਿਆਨੀ ਅਮਰਜੀਤ ਸਿੰਘ ਜੀ (ਹੈੱਡ ਗ੍ਰੰਥੀ)

ਵਿਸ਼ੇਸ਼ ਸੇਵਾਵਾਂ

Indian Over Restaurant ਦੇ ਰੇਮੀ ਚੀਮਾ ਵੱਲੋਂ ਸੁਆਦੀ ਪਕਵਾਨਾਂ ਦੀ ਸੇਵਾ
ਵੈਲੀ ਪੀਜ਼ਾ ਦੇ ਸ਼ਾਨ ਗਿੱਲ ਵੱਲੋਂ ਪੀਜ਼ਾ ਸੇਵਾ

ਕਕਾਰਾਂ ਅਤੇ ਕੱਪੜਿਆਂ ਦੇ ਸਟਾਲ

ਸੰਗਤਾਂ ਦੀ ਸਹੂਲਤ ਲਈ ਵਿਸ ਪਾਰਕਿੰਗ ਪ੍ਰਬੰਧ

ਸਮਾਗਮ ਦਾ ਸਥਾਨ

2301 Evergreen Avenue
West Sacramento, Cal. 95691

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

916-600-1435
916-600-1438

ਸਮੂਹ ਸੰਗਤਾਂ ਨੂੰ ਪਰਿਵਾਰਾਂ ਸਮੇਤ ਪਹੁੰਚਣ ਲਈ ਨਿੱਘਾ ਸੱਦਾ।

ਅਫ਼ਗਾਨਿਸਤਾਨ: ਸੜਕ ਹਾਦਸੇ ਦੌਰਾਨ 2 ਦੀ ਮੌਤ, ਤਿੰਨ ਜ਼ਖਮੀ

ਕਾਬੁਲ
ਸਾਂਝੀ ਸੋਚ ਬਿਊਰੋ

ਅਫਗਾਨਿਸਤਾਨ ਦੇ ਪੂਰਬੀ ਸੂਬੇ ਲਗਮਾਨ ਵਿੱਚ ਹਾਈਵੇਅ 'ਤੇ ਵਾਪਰੀ ਇੱਕ ਟੱਕਰ ਵਿੱਚ ਘੱਟੋ-ਘੱਟ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜ਼ਖਮੀ ਹੋ ਗਏ। ਇਹ ਜਾਣਕਾਰੀ ਸੂਬਾਈ ਪੁਲਿਸ ਦਫ਼ਤਰ ਵੱਲੋਂ ਦਿੱਤੀ ਗਈ ਹੈ। ਪੁਲਿਸ ਦੇ ਬਿਆਨ ਅਨੁਸਾਰ, ਇਹ ਹਾਦਸਾ ਐਤਵਾਰ ਨੂੰ ਉਸ ਸਮੇਂ ਵਾਪਰਿਆ ਜਦੋਂ ਰਾਜਧਾਨੀ ਕਾਬੁਲ ਨੂੰ ਪੂਰਬੀ ਸੂਬਿਆਂ ਨਾਲ ਜੋੜਨ ਵਾਲੇ ਹਾਈਵੇਅ 'ਤੇ, ਅਜ਼ੀਜ਼ਖਾਨ ਕਾਸ ਖੇਤਰ ਵਿੱਚ ਇੱਕ 'ਹੀਨੋ' ਟਰੱਕ ਸਾਹਮਣੇ ਤੋਂ ਆ ਰਹੇ ਇੱਕ ਰਿਕਸ਼ੇ ਨਾਲ ਟਕਰਾ ਗਿਆ। ਨਿਊਜ਼ ਏਜੰਸੀ ਦੀ ਰਿਪੋਰਟ ਮੁਤਾਬਕ, ਪੁਲਿਸ ਦਫ਼ਤਰ ਨੇ ਦੱਸਿਆ ਕਿ ਇਸ ਘਟਨਾ ਦਾ ਮੁੱਖ ਕਾਰਨ ਲਾਪਰਵਾਹੀ ਨਾਲ ਗੱਡੀ ਚਲਾਉਣਾ ਸੀ। ਜ਼ਖਮੀਆਂ ਨੂੰ ਇਲਾਜ ਲਈ ਲਗਮਾਨ ਸੂਬਾਈ ਹਸਪਤਾਲ ਲਿਜਾਇਆ ਗਿਆ ਹੈ। ਜੰਗ ਨਾਲ ਪ੍ਰਭਾਵਿਤ ਅਫਗਾਨਿਸਤਾਨ ਵਿੱਚ ਘਾਤਕ ਸੜਕ ਹਾਦਸੇ ਇੱਕ ਲਗਾਤਾਰ ਸਮੱਸਿਆ ਬਣੇ ਹੋਏ ਹਨ। ਅਕਸਰ ਇਨ੍ਹਾਂ ਦਾ ਕਾਰਨ ਖਰਾਬ ਸੜਕਾਂ, ਲਾਪਰਵਾਹੀ ਨਾਲ ਗੱਡੀ ਚਲਾਉਣਾ, ਅਤੇ ਔਖੇ ਭੂਗੋਲਿਕ ਹਾਲਾਤਾਂ ਦੇ ਨਾਲ-ਨਾਲ ਸੀਮਤ ਬੁਨਿਆਦੀ ਢਾਂਚੇ ਕਾਰਨ ਸੁਰੱਖਿਆ ਪ੍ਰਬੰਧਾਂ ਦੀ ਕਮੀ ਨੂੰ ਮੰਨਿਆ ਜਾਂਦਾ ਹੈ।



ਅਧਿਕਾਰਤ 'ਬਖਤਾਰ ਨਿਊਜ਼ ਏਜੰਸੀ' ਦੀ ਰਿਪੋਰਟ ਅਨੁਸਾਰ, 30 ਅਕਤੂਬਰ ਨੂੰ ਅਫਗਾਨਿਸਤਾਨ ਦੇ ਉੱਤਰੀ ਸੂਬੇ ਬਾਗਲਾਨ ਵਿੱਚ ਇੱਕ ਯਾਤਰੀ ਬੱਸ ਦੀ ਤੇਲ ਟੈਂਕਰ ਨਾਲ ਆਹਮੋ-ਸਾਹਮਣੇ ਟੱਕਰ ਹੋ ਗਈ। ਇਸ ਹਾਦਸੇ ਵਿੱਚ ਪੰਜ ਯਾਤਰੀਆਂ ਦੀ ਮੌਤ ਹੋ ਗਈ ਅਤੇ 20 ਹੋਰ ਜ਼ਖਮੀ ਹੋ ਗਏ, ਜਿਨ੍ਹਾਂ ਵਿੱਚੋਂ ਕੁਝ ਦੀ ਹਾਲਤ ਗੰਭੀਰ ਦੱਸੀ ਗਈ ਹੈ। ਮੀਡੀਆ ਰਿਪੋਰਟਾਂ ਮੁਤਾਬਕ, ਇਹ ਭਿਆਨਕ ਹਾਦਸਾ ਸਲਾਂਗ ਹਾਈਵੇਅ 'ਤੇ ਵਾਪਰਿਆ ਅਤੇ ਇਸ ਲਈ ਡਰਾਈਵਰ ਦੀ ਲਾਪਰਵਾਹੀ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਸਾਰੇ ਜ਼ਖਮੀਆਂ ਨੂੰ ਇਲਾਜ ਲਈ ਨੇੜਲੇ ਸਿਹਤ ਕੇਂਦਰਾਂ ਵਿੱਚ ਪਹੁੰਚਾਇਆ ਗਿਆ। ਬਖਤਾਰ ਨਿਊਜ਼ ਏਜੰਸੀ ਨੇ ਇਸ ਬਾਰੇ ਹੋਰ ਕੋਈ ਵੇਰਵਾ ਨਹੀਂ ਦਿੱਤਾ, ਸਿਰਫ਼ ਇੰਨਾ ਕਿਹਾ ਕਿ ਘਟਨਾ ਦੀ ਜਾਂਚ ਚੱਲ ਰਹੀ ਹੈ।

ਸਥਾਨਕ ਮੀਡੀਆ ਅਨੁਸਾਰ, 24 ਅਕਤੂਬਰ ਨੂੰ ਅਫਗਾਨਿਸਤਾਨ ਦੇ ਦੂਰ-ਦੁਰਾਡੇ ਉੱਤਰੀ ਸੂਬੇ ਬਦਖਸ਼ਾਨ ਵਿੱਚ ਇੱਕ ਯਾਤਰੀ ਵਾਹਨ ਪਲਟ ਗਿਆ, ਜਿਸ ਵਿੱਚ ਘੱਟੋ-ਘੱਟ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ ਅੱਠ ਹੋਰ ਜ਼ਖਮੀ ਹੋ ਗਏ। 'ਆਰੀਆਨਾ ਨਿਊਜ਼' ਨੇ ਇੱਕ ਸਥਾਨਕ ਅਧਿਕਾਰੀ ਦੇ ਹਵਾਲੇ ਤੋਂ ਦੱਸਿਆ ਕਿ ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਵਾਹਨ ਸੂਬੇ ਦੇ ਕੋਫਾਬ ਅਤੇ ਯਾਫਤਾਲ ਜ਼ਿਲ੍ਹਿਆਂ ਵੱਲ ਜਾ ਰਿਹਾ ਸੀ। ਅਧਿਕਾਰੀਆਂ ਨੇ ਹਾਦਸੇ ਦੇ ਕਾਰਨਾਂ ਬਾਰੇ ਕੋਈ ਖੁਲਾਸਾ ਨਹੀਂ ਕੀਤਾ। ਜ਼ਖਮੀਆਂ ਨੂੰ ਡਾਕਟਰੀ ਇਲਾਜ ਲਈ ਨੇੜਲੇ ਹਸਪਤਾਲ ਲਿਜਾਇਆ ਗਿਆ ਹੈ।

ਉੱਤਰੀ ਅਫਗਾਨਿਸਤਾਨ ਦੇ ਤਖਾਰ ਸੂਬੇ ਵਿੱਚ ਇੱਕ ਸੜਕ ਹਾਦਸੇ ਦੌਰਾਨ ਅੱਠ ਯਾਤਰੀਆਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਜ਼ਖਮੀ ਹੋ ਗਏ। ਇਹ ਜਾਣਕਾਰੀ ਸਥਾਨਕ ਪੁਲਿਸ ਅਧਿਕਾਰੀ ਨੇ ਦਿੱਤੀ ਹੈ। ਸੂਬਾਈ ਪੁਲਿਸ ਦੇ ਬੁਲਾਰੇ ਨਕੀਬੁੱਲਾ ਮਸਰੂਰ ਨੇ ਦੱਸਿਆ ਕਿ ਇਹ ਘਾਤਕ ਹਾਦਸਾ ਕਲਾਫਗਾਨ ਜ਼ਿਲ੍ਹੇ ਦੇ ਗਜ਼ੇਸਤਾਨ ਖੇਤਰ ਵਿੱਚ ਵਾਪਰਿਆ, ਜਿੱਥੇ ਇੱਕ ਵਾਹਨ ਸੜਕ ਤੋਂ ਉਤਰ ਕੇ ਪਲਟ ਗਿਆ। ਇਸ ਹਾਦਸੇ ਵਿੱਚ ਅੱਠ ਯਾਤਰੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਚਾਰ ਹੋਰ ਜ਼ਖਮੀ ਹੋ ਗਏ। ਮਸਰੂਰ ਨੇ ਦੱਸਿਆ ਕਿ ਜ਼ਖਮੀਆਂ ਨੂੰ ਤਖਾਰ ਦੇ ਸੂਬਾਈ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਨੇਪਾਲ ਦੇ ਡੋਲਪਾ ਵਿੱਚ ਭਾਰੀ ਬਰਫ਼ਬਾਰੀ ਦੌਰਾਨ ਫਸੇ 6 ਭਾਰਤੀ ਸੈਲਾਨੀਆਂ ਨੂੰ ਸੁਰੱਖਿਅਤ ਬਚਾਇਆ ਗਿਆ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

ਪੱਛਮੀ ਨੇਪਾਲ ਦੇ ਦੂਰ-ਦੁਰਾਡੇ ਡੋਲਪਾ ਜ਼ਿਲ੍ਹੇ ਦੇ ਉੱਚੇ ਇਲਾਕਿਆਂ ਵਿੱਚ ਭਾਰੀ ਬਰਫ਼ਬਾਰੀ ਦੌਰਾਨ ਫਸੇ ਛੇ ਭਾਰਤੀ ਸੈਲਾਨੀਆਂ ਨੂੰ ਸੋਮਵਾਰ ਸਵੇਰੇ ਹੈਲੀਕਾਪਟਰ ਰਾਹੀਂ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਇਹ ਜਾਣਕਾਰੀ ਜ਼ਿਲ੍ਹੇ ਦੇ ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦਿੱਤੀ।

ਇਲਾਕੇ ਵਿੱਚ ਹੋਈ ਬਰਫ਼ਬਾਰੀ ਕਾਰਨ ਇਹ ਭਾਰਤੀ ਸੈਲਾਨੀ 31 ਅਕਤੂਬਰ ਤੋਂ ਸੰਪਰਕ ਤੋਂ ਬਾਹਰ ਸਨ। ਡੋਲਪਾ ਜ਼ਿਲ੍ਹਾ ਪੁਲਿਸ ਦਫ਼ਤਰ ਦੇ ਮੁਖੀ, ਡਿਪਟੀ ਸੁਪਰਡੈਂਟ ਆਫ਼ ਪੁਲਿਸ ਅਨਿਲ ਰਾਜ ਗਿਰੀ ਨੇ ਦੱਸਿਆ, "ਉਨ੍ਹਾਂ ਦਾ ਪਤਾ ਲੱਗਣ ਤੋਂ ਬਾਅਦ ਇੱਕ ਹੈਲੀਕਾਪਟਰ ਭੇਜਿਆ ਗਿਆ ਅਤੇ ਉਨ੍ਹਾਂ ਨੂੰ ਜ਼ਿਲ੍ਹਾ ਹੈੱਡਕੁਆਰਟਰ, ਦੁਨਾਈ ਲਿਆਂਦਾ ਗਿਆ।"

ਉਨ੍ਹਾਂ ਦੱਸਿਆ ਕਿ ਬਚਾਏ ਗਏ ਸਾਰੇ ਛੇ ਸੈਲਾਨੀਆਂ ਦੀ ਸਿਹਤ ਠੀਕ ਹੈ। ਡੀਐਸਪੀ ਗਿਰੀ ਨੇ ਦੱਸਿਆ ਕਿ ਇਹ ਸੈਲਾਨੀ ਖਰਾਬ ਮੌਸਮ ਵਿੱਚ ਫਸ ਗਏ ਸਨ, ਜਿਨ੍ਹਾਂ ਨੂੰ 'ਸ਼ੇ-ਫੋਕਸੁੰਡੋ' ਪੇਂਡੂ ਨਗਰਪਾਲਿਕਾ ਦੇ 'ਦਾਨੀਗਢ' ਇਲਾਕੇ ਤੋਂ ਬਚਾਇਆ ਗਿਆ।

ਇਹ ਸਮੂਹ 'ਧੋ ਤਾਰਾਪ'ਤੋਂ ਇੱਕ ਪ੍ਰਸਿੱਧ ਸੈਲਾਨੀ ਸਥਾਨ 'ਸ਼ੇ-ਫੋਕਸੁੰਡੋ ਝੀਲ' ਵੱਲ ਪੈਦਲ ਯਾਤਰਾ ਕਰ ਰਿਹਾ ਸੀ, ਜਦੋਂ ਉਹ ਭਾਰੀ ਬਰਫ਼ਬਾਰੀ ਦੀ ਲਪੇਟ ਵਿੱਚ ਆ ਗਏ।



ਅਧਿਕਾਰੀਆਂ ਨੇ ਸਥਾਨਕ ਮੀਡੀਆ ਨੂੰ ਦੱਸਿਆ ਕਿ 31 ਅਕਤੂਬਰ ਨੂੰ ਫਸੇ ਹੋਏ ਸੈਲਾਨੀਆਂ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ ਹੀ ਉਨ੍ਹਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਗਈਆਂ ਸਨ। ਹਾਲਾਂਕਿ, ਉਨ੍ਹਾਂ ਦੱਸਿਆ ਕਿ ਖਰਾਬ ਮੌਸਮ ਅਤੇ ਹੈਲੀਕਾਪਟਰ ਦਾ ਪ੍ਰਬੰਧ ਕਰਨ ਵਿੱਚ ਆਈਆਂ ਮੁਸ਼ਕਲਾਂ ਕਾਰਨ ਬਚਾਅ ਕਾਰਜ ਵਿੱਚ ਦੇਰੀ ਹੋਈ। ਗਿਰੀ ਦੇ ਅਨੁਸਾਰ, ਇਹ ਭਾਰਤੀ ਸੈਲਾਨੀ ਲੋੜੀਂਦੇ ਪ੍ਰਸ਼ਾਸਕੀ ਪਰਮਿਟ (ਇਜਾਜ਼ਤ ਪੱਤਰ) ਲਏ ਬਿਨਾਂ ਹੀ 'ਅੱਪਰ ਡੋਲਪਾ' ਪਹੁੰਚ ਗਏ ਸਨ। ਜ਼ਿਲ੍ਹੇ ਦੇ ਉੱਪਰੀ ਹਿੱਸੇ ਵਿੱਚ ਸੀਮਤ ਖੇਤਰਾਂ ਦਾ ਦੌਰਾ ਕਰਨ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਟ੍ਰੈਕਿੰਗ ਪਰਮਿਟ ਜਾਰੀ ਕਰਨ ਦੀ ਜ਼ਿੰਮੇਵਾਰੀ ਇਮੀਗ੍ਰੇਸ਼ਨ ਵਿਭਾਗ ਦੀ ਹੁੰਦੀ ਹੈ।

ਗਿਰੀ ਨੇ ਦੱਸਿਆ ਕਿ ਸਥਾਨਕ ਅਧਿਕਾਰੀਆਂ ਨੇ ਸੈਲਾਨੀਆਂ ਨੂੰ ਇਸ ਇਲਾਕੇ ਵਿੱਚ ਯਾਤਰਾ ਨਾ ਕਰਨ ਦੀ ਚੇਤਾਵਨੀ ਦਿੱਤੀ ਸੀ, ਕਿਉਂਕਿ ਬੰਗਾਲ ਦੀ ਖਾੜੀ ਵਿੱਚ ਬਣੇ ਚੱਕਰਵਾਤ 'ਅਰਨਾਬ' ਕਾਰਨ ਮੌਸਮ ਖਰਾਬ ਹੋਣ ਦੀ ਸੰਭਾਵਨਾ ਸੀ। 27 ਅਕਤੂਬਰ ਨੂੰ, ਨੇਪਾਲ ਦੇ ਇਮੀਗ੍ਰੇਸ਼ਨ ਵਿਭਾਗ ਨੇ ਭਾਰੀ ਬਰਫ਼ਬਾਰੀ, ਬਰਫ਼ੀਲੇ ਤੂਫ਼ਾਨ ਅਤੇ ਬਰਫ਼ ਦੇ ਖਿਸਕਣ ਦੇ ਖ਼ਤਰੇ ਦੇ ਮੱਦੇਨਜ਼ਰ, 29 ਤੋਂ 31 ਅਕਤੂਬਰ ਤੱਕ ਨੇ ਲੋਕਾਂ ਨੂੰ ਇਸ ਮਿਆਦ ਦੌਰਾਨ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਦੀ ਅਪੀਲ ਵੀ ਕੀਤੀ ਸੀ।

'ਮੇਰੇ ਖ਼ਿਲਾਫ਼ ਕੋਈ ਏਜੰਡਾ ਹੋ ਸਕਦਾ ਹੈ': ਗੁਰਪ੍ਰੀਤ ਘੁੱਗੀ ਨੇ ਲਵ ਗਿੱਲ ਨਾਲ ਜੁੜੀਆਂ ਅਫ਼ਵਾਹਾਂ 'ਤੇ ਦਿੱਤੀ ਪ੍ਰਤੀਕਿਰਿਆ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬੀ ਅਦਾਕਾਰ ਅਤੇ ਕਾਮੇਡੀਅਨ ਗੁਰਪ੍ਰੀਤ ਘੁੱਗੀ ਨੇ ਬਿੱਗ ਬੌਸ 20 ਦੀ ਮੁਕਾਬਲੇਬਾਜ਼ ਲਵ ਗਿੱਲ ਨਾਲ ਜੁੜੇ ਵਿਵਾਦ ਬਾਰੇ ਆਪਣੀ ਚੁੱਪੀ ਤੋੜੀ ਹੈ। ਇਹ ਮਾਮਲਾ ਕਥਿਤ ਤੌਰ 'ਤੇ ਪੰਜਾਬੀ ਫ਼ਿਲਮ ਫਰਲੋ ਦੌਰਾਨ ਦੋਵਾਂ ਦੀ ਜਾਣ-ਪਛਾਣ ਨਾਲ ਜੋੜਿਆ ਜਾ ਰਿਹਾ ਹੈ। ਲਵ ਦੇ ਰਿਐਲਿਟੀ ਸ਼ੋਅ ਵਿਚ ਹਾਲੀਆ ਘਟਨਾਕ੍ਰਮ ਤੋਂ ਬਾਅਦ ਇਹ ਵਿਵਾਦ ਮੁੜ ਚਰਚਾ ਵਿਚ ਆ ਗਿਆ ਹੈ।

ਸੋਸ਼ਲ ਮੀਡੀਆ 'ਤੇ ਕਥਿਤ ਰਿਸ਼ਤੇ, ਗਰਭਵਤੀ ਹੋਣ ਅਤੇ ਪੰਜ ਕਰੋੜ ਰੁਪਏ ਦੇ ਸਮਝੌਤੇ ਬਾਰੇ ਕਈ ਅਪੁਸ਼ਟ ਦਾਅਵੇ ਫੈਲ ਰਹੇ ਹਨ। ਗੁਰਪ੍ਰੀਤ ਘੁੱਗੀ ਨੇ ਇਨ੍ਹਾਂ ਦੋਸ਼ਾਂ ਨੂੰ ਸਖ਼ਤੀ ਨਾਲ ਨਕਾਰਦਿਆਂ ਕਿਹਾ ਕਿ ਇਹ ਉਨ੍ਹਾਂ ਦੀ ਸਾਖ਼ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਹੈ। ਉਨ੍ਹਾਂ ਸੰਕੇਤ ਦਿੱਤਾ ਕਿ ਅਜਿਹੇ ਦਾਅਵੇ ਫੈਲਾਉਣ ਵਾਲਿਆਂ ਖ਼ਿਲਾਫ਼ ਉਹ ਕਾਨੂੰਨੀ ਕਾਰਵਾਈ ਕਰ ਸਕਦੇ ਹਨ।

29 ਅਕਤੂਬਰ, ਵੀਰਵਾਰ ਨੂੰ ਸੋਸ਼ਲ ਮੀਡੀਆ 'ਤੇ ਸਾਂਝੇ ਕੀਤੇ ਵੀਡੀਓ ਬਿਆਨ ਵਿਚ ਘੁੱਗੀ ਨੇ ਪੰਜਾਬੀ ਵਿਚ ਆਪਣਾ ਪੱਖ ਰੱਖਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਖ਼ਿਲਾਫ਼ ਕੋਈ ਏਜੰਡਾ ਹੋ ਸਕਦਾ ਹੈ, ਪਰ ਇਸ ਮਾਮਲੇ ਦਾ ਅਸਰ ਲਵ ਗਿੱਲ 'ਤੇ ਵੀ ਪੈ ਸਕਦਾ ਹੈ, ਜਿਸ ਨੇ ਹਾਲੇ ਆਪਣੇ ਕਰੀਅਰ ਦੀ ਸ਼ੁਰੂਆਤ ਹੀ ਕੀਤੀ ਹੈ।

ਘੁੱਗੀ ਨੇ ਕਿਹਾ, "ਅੱਜ ਜਦੋਂ ਅਸੀਂ ਬੋਲ ਸਕਦੇ ਹਾਂ, ਤਾਂ ਇਸ ਬਾਰੇ ਜ਼ਰੂਰ ਗੱਲ ਕਰਾਂਗੇ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹੋ ਸਕਦਾ ਹੈ ਮੇਰੇ ਖ਼ਿਲਾਫ਼ ਕੋਈ ਏਜੰਡਾ ਹੋਵੇ। ਪਰ ਉਹ ਕੁੜੀ, ਜਿਸ ਨੇ ਹਾਲੇ ਕਰੀਅਰ ਸ਼ੁਰੂ ਕੀਤਾ ਹੈ ਅਤੇ ਜਿਸ ਦਾ ਪਰਿਵਾਰ ਵੀ ਹੈ, ਅੱਜ ਉਸ ਦੀ ਕੀ ਹਾਲਤ ਹੋਵੇਗੀ?" ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਬਿਨਾਂ ਪੁਸ਼ਟੀ ਵਾਲੀ ਜਾਣਕਾਰੀ 'ਤੇ ਵਿਸ਼ਵਾਸ ਨਾ ਕਰਨ ਅਤੇ ਉਸ ਨੂੰ ਅੱਗੇ ਨਾ ਫੈਲਾਉਣ, ਕਿਉਂਕਿ ਇਸ ਨਾਲ ਕਿਸੇ ਦੀ ਨਿੱਜੀ ਅਤੇ ਪੇਸ਼ੇਵਰ ਜ਼ਿੰਦਗੀ ਪ੍ਰਭਾਵਿਤ ਹੋ ਸਕਦੀ ਹੈ। ਗੁਰਪ੍ਰੀਤ ਦੇ ਬਿਆਨ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਇਸ ਮਾਮਲੇ ਨੂੰ ਲੈ ਕੇ ਚਰਚਾ ਮੁੜ ਤੇਜ਼ ਹੋ ਗਈ ਹੈ।



ਰੱਬਾ ਇੰਨੂੰ ਜੋਗਾ ਕਰਦੇ ਕਿ ਲੋਕ ਕਹਿਣ ਇੰਨੂੰ ਜੋਗਾ ਕਿੱਥੇ ਸੀ...

ੴ

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥



In Loving Memory

AJIT KAUR

May 1954 – Aug 2026

With heavy hearts, we ask that you please join us as we commemorate her life and pay our final respects.

Funeral Service

Friday, November 6, 2026

11:00 AM – 1:00 PM

Lakewood Funeral Home & Memorial Park

900 Santa Fe Avenue, Hughson, CA 95326

Sehaj Paath

1:00 PM

Gurdwara Sahib Modesto

5743 E. Hatch Road, Hughson, CA 95326

Forever loved, deeply missed, and always in our hearts.

ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਪੂਰੀ ਤਰ੍ਹਾਂ ਭ੍ਰਿਸ਼ਟ ਪੰਜਾਬ ਦੇ ਲੋਕ ਸੁਚੇਤ ਰਹਿਣ-ਭਗਵੰਤ ਮਾਨ

ਪਟਿਆਲਾ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਾਂਗਰਸ, ਅਕਾਲੀ ਦਲ ਅਤੇ ਭਾਜਪਾ 'ਤੇ ਤਿੱਖਾ ਹਮਲਾ ਬੋਲਦਿਆਂ ਇਨ੍ਹਾਂ ਨੂੰ ਪੂਰੀ ਤਰ੍ਹਾਂ ਭ੍ਰਿਸ਼ਟ ਪਾਰਟੀਆਂ ਕਰਾਰ ਦਿੱਤਾ, ਜਿਹੜੀਆਂ ਪੰਜਾਬ ਦੇ ਵਿਕਾਸ ਨੂੰ ਲੀਹੋਂ ਲਾਹੁਣ ਅਤੇ ਆਪਣੇ ਸਾਂਝੇ ਸਿਆਸੀ ਹਿੱਤਾਂ ਦੀ ਰਾਖੀ ਲਈ ਇਕੱਠੀਆਂ ਹੋ ਗਈਆਂ ਹਨ। ਭਵਿੱਖੀ ਸਿਆਸੀ ਮੁਕਾਬਲੇ ਨੂੰ 'ਇੱਕ ਬਨਾਮ ਸਾਰੇ' ਦੱਸਦਿਆਂ ਉਨ੍ਹਾਂ ਕਿਹਾ ਕਿ ਵੱਖੋ-ਵੱਖਰੇ ਝੰਡੇ ਅਤੇ ਚੋਣ ਨਿਸ਼ਾਨ ਹੋਣ ਦੇ ਬਾਵਜੂਦ ਇਨ੍ਹਾਂ ਪਾਰਟੀਆਂ ਦਾ ਮਕਸਦ ਇੱਕੋ ਹੀ ਹੈ-ਪੰਜਾਬ ਨੂੰ ਲੁੱਟਣਾ ਅਤੇ ਇੱਥੋਂ ਦੇ ਲੋਕਾਂ ਦਾ ਸ਼ੋਸ਼ਣ ਕਰਨਾ ਹੈ।

ਪਟਿਆਲਾ ਦੇ ਹਲਕਾ ਘਨੌਰ ਵਿਖੇ ਇੱਕ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਨੂੰ ਇਸ ਗੱਲ ਦੀ ਬੇਚੈਨੀ ਹੈ ਕਿ ਇੱਕ ਆਮ ਘਰ ਦਾ ਪੁੱਤ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਇਮਾਨਦਾਰੀ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬੀਆਂ ਦਾ ਪਿਆਰ ਅਤੇ ਆਸ਼ੀਰਵਾਦ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਹੈ ਅਤੇ ਉਨ੍ਹਾਂ ਵਿਰੋਧੀਆਂ ਨੂੰ ਚਿਤਾਵਨੀ ਦਿੱਤੀ ਕਿ ਸਾਲ 2022 ਵਾਂਗ ਹੀ 2027 ਵਿੱਚ ਵੀ ਲੋਕ ਵਿਰੋਧੀ ਧਿਰ ਦੇ ਵੱਡੇ-ਵੱਡੇ ਆਗੂਆਂ ਨੂੰ ਘਰ ਬਿਠਾ ਦੇਣਗੇ।

ਆਪਣੇ 'ਐਕਸ' ਹੈਂਡਲ 'ਤੇ ਸਾਂਝੀ ਕੀਤੀ ਪੋਸਟ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ: "ਪਟਿਆਲਾ ਦੇ ਹਲਕਾ ਘਨੌਰ ਦੇ ਪਿੰਡ ਮੰਡੌਲੀ ਵਿਖੇ ਪੀਣ ਵਾਲੇ ਪਾਣੀ ਦੇ ਨਵੇਂ ਪ੍ਰਾਜੈਕਟ ਦਾ ਉਦਘਾਟਨ ਮੌਕੇ ਅੱਜ ਵਿਸ਼ਾਲ ਇਕੱਠ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਵਿਰੋਧੀਆਂ ਦੇ ਉਲਟ, ਅਸੀਂ ਕੁਰਸੀਆਂ ਦੀ ਲੜਾਈ ਨਹੀਂ ਲੜ ਰਹੇ। ਸਾਡੀ ਲੜਾਈ ਪੰਜਾਬ ਦੇ ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ, ਬਿਹਤਰ ਸਿਹਤ ਸਹੂਲਤਾਂ ਅਤੇ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਦੀ ਹੈ। ਆਮ ਪਰਿਵਾਰਾਂ ਦੇ ਬੱਚਿਆਂ ਨੂੰ ਮੈਰਿਟ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦੇਣਾ ਸਾਡੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿੱਚੋਂ ਇੱਕ ਹੈ। ਲੋਕਾਂ ਦਾ ਪਿਆਰ ਅਤੇ ਸਾਥ ਸਾਨੂੰ 'ਰੰਗਲਾ ਪੰਜਾਬ' ਬਣਾਉਣ ਦੀ ਤਾਕਤ ਦੇ ਰਿਹਾ ਹੈ।"

ਦੋ ਜ਼ਿਲ੍ਹਿਆਂ ਲਈ ਨਹਿਰੀ ਪਾਣੀ ਸਪਲਾਈ ਪ੍ਰਾਜੈਕਟ ਲੋਕਾਂ ਨੂੰ ਸਮਰਪਿਤ ਕਰਨ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੌਜੂਦਾ ਸਿਆਸੀ ਹਾਲਾਤਾਂ ਨੂੰ "ਇੱਕ ਬਨਾਮ ਸਾਰੇ" ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਜਿੱਥੇ ਰਵਾਇਤੀ ਸਿਆਸੀ ਪਾਰਟੀਆਂ ਉਨ੍ਹਾਂ ਦੀ ਸਰਕਾਰ ਖ਼ਿਲਾਫ਼ ਇੱਕਮੁੱਠ ਹੋ ਗਈਆਂ ਹਨ, ਉੱਥੇ ਹੀ ਉਹ ਪੰਜਾਬ ਦੇ ਲੋਕਾਂ ਦੇ ਪਿਆਰ ਅਤੇ ਅਸੀਸਾਂ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ, "ਇੱਕ ਪਾਸੇ ਭਾਜਪਾ, ਅਕਾਲੀ ਦਲ ਅਤੇ ਕਾਂਗਰਸ ਹਨ, ਜਦਕਿ ਦੂਜੇ ਪਾਸੇ ਮੈਂ ਪੰਜਾਬ ਦੇ ਲੋਕਾਂ ਦੇ ਪਿਆਰ ਅਤੇ ਆਸ਼ੀਰਵਾਦ ਨਾਲ ਖੜ੍ਹਾ ਹਾਂ। ਇਨ੍ਹਾਂ ਪਾਰਟੀਆਂ ਨੇ ਦਹਾਕਿਆਂ ਤੱਕ ਪੰਜਾਬ 'ਤੇ ਰਾਜ ਕੀਤਾ ਅਤੇ ਹੁਣ ਇਹ ਇਸ ਲਈ ਔਖੀਆਂ ਹਨ ਕਿਉਂਕਿ ਇੱਕ ਆਮ ਘਰ ਦਾ ਪੁੱਤ ਸਮਾਜ ਦੇ ਹਰੇਕ ਵਰਗ ਦੇ ਭਲੇ ਲਈ ਇਮਾਨਦਾਰੀ ਨਾਲ ਕੰਮ ਕਰ ਰਿਹਾ ਹੈ।"

ਮੁੱਖ ਮੰਤਰੀ ਨੇ ਕਿਹਾ, "ਇਨ੍ਹਾਂ ਦੇ ਝੰਡੇ ਅਤੇ ਚੋਣ ਨਿਸ਼ਾਨ ਵੱਖੋ-ਵੱਖਰੇ ਹਨ, ਪਰ ਇਨ੍ਹਾਂ ਦੀਆਂ ਨੀਅਤਾਂ ਇੱਕੋ ਜਿਹੀਆਂ ਹਨ। ਇਹ ਇਸ ਗੱਲ ਨੂੰ ਹਜ਼ਮ ਨਹੀਂ ਕਰ ਪਾ ਰਹੇ ਕਿ ਪੰਜਾਬ ਦੇ ਸਾਧਨ ਹੁਣ ਮੁੱਠੀ ਭਰ ਸਿਆਸੀ ਪਰਿਵਾਰਾਂ ਦੀ ਬਜਾਏ ਆਮ ਪੰਜਾਬੀਆਂ ਦੀ ਭਲਾਈ ਲਈ ਵਰਤੇ ਜਾ ਰਹੇ ਹਨ।" ਉਨ੍ਹਾਂ ਕਿਹਾ ਕਿ ਇਹ ਸਿਆਸੀ ਪਾਰਟੀਆਂ ਪੰਜਾਬ ਨੂੰ ਲੁੱਟਣ ਲਈ ਇੱਕਜੁੱਟ ਹੋਈਆਂ ਹਨ, ਜਦਕਿ ਉਹ 3.25 ਕਰੋੜ ਪੰਜਾਬੀਆਂ ਦੇ ਸੁੱਖ-ਦੁੱਖ ਦੇ ਭਾਈਵਾਲ ਬਣੇ ਹਨ। ਰਵਾਇਤੀ ਪਾਰਟੀਆਂ ਉਨ੍ਹਾਂ ਨੂੰ ਇਸ ਲਈ ਨਿਸ਼ਾਨਾ ਬਣਾ ਰਹੀਆਂ ਹਨ ਕਿਉਂਕਿ ਉਨ੍ਹਾਂ ਨੂੰ ਸਮਝ ਆ ਚੁੱਕੀ ਹੈ ਕਿ ਲੋਕ ਹੁਣ ਉਨ੍ਹਾਂ ਦੀ ਧੋਖੇ, ਭ੍ਰਿਸ਼ਟਾਚਾਰ ਅਤੇ ਪਰਿਵਾਰਵਾਦ ਦੀ ਰਾਜਨੀਤੀ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹਨ। ਉਨ੍ਹਾਂ ਕਿਹਾ, "ਅਕਾਲੀ ਲੀਡਰਸ਼ਿਪ ਨੇ ਆਪਣੇ ਸ਼ਾਸਨਕਾਲ ਦੌਰਾਨ ਲਗਭਗ ਹਰੇਕ ਕਾਰੋਬਾਰ ਵਿੱਚ ਆਪਣਾ ਹਿੱਸਾ ਪਾ ਲਿਆ। ਇਹ ਆਗੂ ਹਰ ਕਾਰੋਬਾਰ ਵਿੱਚ ਜ਼ਬਰਦਸਤੀ ਆਪਣਾ ਹਿੱਸਾ ਲੈਂਦੇ ਸਨ, ਜਦਕਿ ਮੈਂ ਆਮ ਲੋਕਾਂ ਦੇ ਸੁੱਖ, ਸੰਘਰਸ਼ ਅਤੇ ਦੁੱਖ ਵੰਡਾਉਣ ਦਾ ਰਾਹ ਚੁਣਿਆ ਹੈ। ਇਨ੍ਹਾਂ ਨੂੰ ਤਕਲੀਫ਼ ਇਸ ਗੱਲ ਦੀ ਹੈ ਕਿ ਸਾਡੀ ਸਰਕਾਰ ਰਸੂਖ਼ਵਾਨ ਪਰਿਵਾਰਾਂ ਦੀ ਥਾਂ ਆਮ ਲੋਕਾਂ ਲਈ ਕੰਮ ਕਰ ਰਹੀ ਹੈ।"

ਪਿੰਡਾਂ ਦੇ ਦੌਰਿਆਂ ਦੌਰਾਨ ਲੋਕਾਂ ਵੱਲੋਂ ਮਿਲਦੇ ਨਿੱਘੇ ਪਿਆਰ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਦਾ ਪਿਆਰ ਅਤੇ ਅਸੀਸਾਂ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਪੂੰਜੀ ਅਤੇ ਪੰਜਾਬ ਦੀ ਸੇਵਾ ਦਾ ਇਨਾਮ ਹਨ। ਉਨ੍ਹਾਂ ਕਿਹਾ, "ਜਦੋਂ ਵੀ ਮੈਂ ਪਿੰਡਾਂ ਵਿੱਚ ਜਾਂਦਾ ਹਾਂ ਤਾਂ ਮੇਰੀ ਪੱਗ ਫੁੱਲਾਂ ਨਾਲ ਭਰ ਜਾਂਦੀ ਹੈ ਕਿਉਂਕਿ ਲੋਕ ਮੇਰੇ ਉੱਤੇ ਆਪਣਾ ਪਿਆਰ, ਆਸ਼ੀਰਵਾਦ ਅਤੇ ਸਨੇਹ ਵਰਸਾਉਂਦੇ ਹਨ। ਮੇਰੀ ਪਿੱਠ 'ਤੇ ਕਿਸੇ ਰਸੂਖ਼ਵਾਨ ਪਰਿਵਾਰ ਜਾਂ ਵੱਡੇ ਸਰਮਾਏਦਾਰਾਂ ਦਾ ਹੱਥ ਨਹੀਂ ਹੈ, ਬਲਕਿ ਮੇਰੇ ਕੋਲ ਆਮ ਲੋਕਾਂ ਦੀਆਂ ਅਸੀਸਾਂ ਹਨ। ਜਦੋਂ ਤੱਕ ਪੰਜਾਬ ਦੇ ਲੋਕ ਮੇਰੇ ਨਾਲ ਖੜ੍ਹੇ ਹਨ, ਮੈਨੂੰ ਵਿਰੋਧੀਆਂ ਦੀ ਕੋਈ ਪ੍ਰਵਾਹ ਨਹੀਂ।"

ਕਾਂਗਰਸ 'ਤੇ ਚੁਟਕੀ ਲੈਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਾਂਗਰਸ ਪਾਰਟੀ ਅੰਦਰੂਨੀ ਫੁੱਟ ਨਾਲ ਜੂਝ ਰਹੀ ਹੈ ਅਤੇ ਇਸ ਦੇ ਆਗੂ ਆਪਸ ਵਿੱਚ ਹੀ ਏਕਤਾ ਕਾਇਮ ਰੱਖਣ ਦੇ ਕਾਬਲ ਨਹੀਂ। ਉਨ੍ਹਾਂ ਅੱਗੇ ਕਿਹਾ ਕਿ ਭਾਵੇਂ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਜਨਤਕ ਤੌਰ 'ਤੇ ਇੱਕ-ਦੂਜੇ ਦੇ ਵਿਰੋਧੀ ਹੋਣ ਦਾ ਦਿਖਾਵਾ ਕਰਦੇ ਹਨ, ਪਰ ਜਦੋਂ ਮੌਜੂਦਾ ਸਰਕਾਰ ਦਾ ਵਿਰੋਧ ਕਰਨ ਦੀ ਗੱਲ ਆਉਂਦੀ ਹੈ ਤਾਂ ਇਹ ਸਾਰੇ ਅੰਦਰਖਾਤੇ ਇੱਕ ਹੋ ਜਾਂਦੇ ਹਨ।

ਦਲ-ਬਦਲੀਆਂ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਵਿੱਚ ਲੰਮਾ ਸਮਾਂ ਰਹੇ ਕਈ ਆਗੂ ਹੁਣ ਭਾਜਪਾ ਵਿੱਚ ਸ਼ਾਮਲ ਹੋ ਚੁੱਕੇ ਹਨ। ਮਨਪ੍ਰੀਤ ਸਿੰਘ ਬਾਦਲ, ਸੁਨੀਲ ਜਾਖੜ ਅਤੇ ਰਵਨੀਤ ਸਿੰਘ ਬਿੱਟੂ ਉਨ੍ਹਾਂ ਆਗੂਆਂ ਵਿੱਚੋਂ ਹਨ ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਆਪਣੀਆਂ ਵਫ਼ਾਦਾਰੀਆਂ ਬਦਲੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਦਲ-ਬਦਲੀਆਂ ਰਵਾਇਤੀ ਪਾਰਟੀਆਂ ਦੀ ਪਛਾਣ ਬਣ ਚੁੱਕੀਆਂ ਹਨ, ਜਿਨ੍ਹਾਂ ਦੇ ਆਗੂ ਆਪਣੀ ਸਹੂਲਤ ਅਨੁਸਾਰ ਮੌਕਾਪ੍ਰਸਤੀ ਦੀ ਰਾਜਨੀਤੀ ਕਰਦੇ ਹੋਏ ਰੰਗ ਬਦਲਦੇ ਰਹਿੰਦੇ ਹਨ।ਪ੍ਰਮੁੱਖ ਸਿਆਸੀ ਆਗੂਆਂ ਨੂੰ ਲੋਕਾਂ ਵੱਲੋਂ ਚੋਣਾਂ ਵਿੱਚ ਨਕਾਰੇ ਜਾਣ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਪਿਛਲੀਆਂ ਚੋਣਾਂ ਵਿੱਚ ਕੈਪਟਨ ਅਮਰਿੰਦਰ ਸਿੰਘ, ਚਰਨਜੀਤ ਸਿੰਘ ਚੰਨੀ, ਨਵਜੋਤ ਸਿੰਘ ਸਿੱਧੂ, ਬਿਕਰਮ ਸਿੰਘ ਮਜੀਠੀਆ ਅਤੇ ਹੋਰਨਾਂ ਨੂੰ ਹਰਾ ਕੇ ਆਪਣੀ ਜਮਹੂਰੀ ਤਾਕਤ ਦਾ ਸਬੂਤ ਪਹਿਲਾਂ ਹੀ ਦੇ ਦਿੱਤਾ ਹੈ। ਉਨ੍ਹਾਂ ਕਿਹਾ, "ਕੋਈ ਵੀ ਸਿਆਸੀ ਆਗੂ, ਚਾਹੇ ਉਸ ਦਾ ਅਹੁਦਾ ਜਾਂ ਰਸੂਖ਼ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਲੋਕਾਂ ਤੋਂ ਵੱਡਾ ਨਹੀਂ ਹੁੰਦਾ।

ਲੋਕਤੰਤਰ ਵਿੱਚ ਜਨਤਾ ਹੀ ਸਰਵਉੱਚ ਹੈ ਅਤੇ ਉਸ ਦਾ ਫ਼ਤਵਾ ਹੀ ਸਭ ਤੋਂ ਅਹਿਮ ਹੁੰਦਾ ਹੈ। ਕੋਈ ਵੀ ਸਿਆਸੀ ਪਰਿਵਾਰ ਜਾਂ ਵਿਅਕਤੀ ਪੰਜਾਬ ਦੀ ਮਾਲਕੀ ਦਾ ਦਾਅਵਾ ਨਹੀਂ ਕਰ ਸਕਦਾ। ਲੋਕਾਂ ਨੇ ਵਾਰ-ਵਾਰ ਸਾਬਤ ਕੀਤਾ ਹੈ ਕਿ ਉਹ ਹੰਕਾਰ, ਧੋਖਾ ਅਤੇ ਲੁੱਟ-ਖਸੁੱਟ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰਨਗੇ। ਜਨਤਾ ਵੋਟਾਂ ਖ਼ਾਤਰ ਝੂਠੇ ਵਾਅਦੇ ਕਰਨ ਵਾਲਿਆਂ ਅਤੇ ਜ਼ਮੀਨੀ ਪੱਧਰ 'ਤੇ ਕੰਮ ਕਰਕੇ ਦਿਖਾਉਣ ਵਾਲਿਆਂ ਵਿਚਲਾ ਫ਼ਰਕ ਸਾਫ਼ ਸਮਝਦੀ ਹੈ।"ਪ੍ਰੋਗਰਾਮ ਦੌਰਾਨ ਸਮਰਪਿਤ ਕੀਤੇ ਗਏ ਪ੍ਰੋਜੈਕਟਾਂ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਉਣਾ ਸਿਰਫ਼ ਬੁਨਿਆਦੀ ਢਾਂਚੇ ਦਾ ਉਪਰਾਲਾ ਨਹੀਂ ਹੈ, ਸਗੋਂ ਪੰਜਾਬ ਦੇ ਲੋਕਾਂ ਦੀ ਸਿਹਤ ਅਤੇ ਭਵਿੱਖ ਵਿੱਚ ਸਿੱਧਾ ਨਿਵੇਸ਼ ਹੈ। ਉਨ੍ਹਾਂ ਕਿਹਾ, "ਲਗਭਗ 90,000 ਘਰਾਂ ਨਾਲ ਸਬੰਧਤ ਪੰਜ ਲੱਖ ਤੋਂ ਵੱਧ ਲੋਕਾਂ ਨੂੰ ਨਹਿਰਾਂ 'ਤੇ ਅਧਾਰਿਤ ਪੀਣ ਵਾਲਾ ਸਾਫ਼ ਪਾਣੀ ਨਿਰਵਿਘਨ ਮਿਲੇਗਾ। ਇਹ ਪ੍ਰਾਜੈਕਟ ਖ਼ਾਸ ਤੌਰ 'ਤੇ ਮਹੱਤਵਪੂਰਨ ਹਨ ਕਿਉਂਕਿ ਕਈ ਪਿੰਡਾਂ ਵਿੱਚ ਧਰਤੀ ਹੇਠਲਾ ਪਾਣੀ ਬਹੁਤ ਜ਼ਿਆਦਾ ਫਲੋਰਾਈਡ ਅਤੇ ਭਾਰੀ ਧਾਤਾਂ ਦੇ ਪ੍ਰਦੂਸ਼ਣ ਤੋਂ ਪ੍ਰਭਾਵਿਤ ਹੋਇਆ ਹੈ। ਸਾਡੀ ਸਰਕਾਰ ਨੇ ਲੋਕਾਂ ਨੂੰ ਧਰਤੀ ਹੇਠਲੇ ਦੂਸ਼ਿਤ ਪਾਣੀ ਨਾਲ ਜੁੜੇ ਸਿਹਤ ਖ਼ਤਰਿਆਂ ਤੋਂ ਬਚਾਉਣ



ਲਈ ਇਹ ਉਪਰਾਲਾ ਕੀਤਾ ਹੈ।"ਮੁੱਖ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਸਿਰਫ਼ ਪਾਈਪਲਾਈਨਾਂ ਨਹੀਂ ਵਿਛਾ ਰਹੀ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦੀ ਸਿਹਤ ਨੂੰ ਸੁਰੱਖਿਅਤ ਕਰ ਰਹੀ ਹੈ। ਸਾਫ਼ ਪੀਣ ਵਾਲਾ ਪਾਣੀ ਇੱਕ ਬੁਨਿਆਦੀ ਲੋੜ ਹੈ ਅਤੇ ਹਰ ਪਰਿਵਾਰ ਨੂੰ ਉਸ ਦਾ ਬਰਾਬਰ ਅਧਿਕਾਰ ਹੈ, ਚਾਹੇ ਉਹ ਕਿਸੇ ਵੀ ਆਰਥਿਕ ਪਿਛੋਕੜ ਨਾਲ ਸਬੰਧ ਰੱਖਦਾ ਹੋਵੇ। ਉਨ੍ਹਾਂ ਅੱਗੇ ਕਿਹਾ ਕਿ ਇਹ ਪ੍ਰੋਜੈਕਟ ਹਜ਼ਾਰਾਂ ਪਰਿਵਾਰਾਂ ਲਈ ਜੀਵਨ ਰੇਖਾ ਸਾਬਤ ਹੋਣਗੇ।

ਮੁੱਖ ਮੰਤਰੀ ਨੇ ਸਰਕਾਰੀ ਸਕੂਲਾਂ ਦੀ ਕਾਇਆਕਲਪ ਦਾ ਜ਼ਿਕਰ ਕਰਦਿਆਂ ਕਿਹਾ ਕਿ ਸੁਧਰੀ ਹੋਈ ਵਿਦਿਅਕ ਕਾਰਗੁਜ਼ਾਰੀ ਅਤੇ ਵਿਦਿਆਰਥੀਆਂ ਵਿੱਚ ਵਧ ਰਿਹਾ ਆਤਮ-ਵਿਸ਼ਵਾਸ ਸਰਕਾਰ ਦੇ ਯਤਨਾਂ ਦੇ ਨਤੀਜਿਆਂ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ, "ਸਾਲ 2021 ਵਿੱਚ ਸਰਕਾਰੀ ਸਕੂਲਾਂ ਦੇ ਸਿਰਫ਼ 80 ਵਿਦਿਆਰਥੀ ਨੀਟ ਲਈ ਯੋਗ ਹੋਏ ਸਨ, ਜਦੋਂ ਕਿ ਇਸ ਸਾਲ ਇਹ ਗਿਣਤੀ ਵਧ ਕੇ 882 ਹੋ ਗਈ ਹੈ। ਇਹ ਸੁਧਾਰ ਸਾਡੀ ਸਰਕਾਰ ਦੀ ਆਮ ਪਰਿਵਾਰਾਂ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਅਤੇ ਬਰਾਬਰ ਮੌਕੇ ਪ੍ਰਦਾਨ ਕਰਨ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।"

ਉਨ੍ਹਾਂ ਕਿਹਾ ਕਿ ਗਰੀਬ ਅਤੇ ਮੱਧ ਵਰਗ ਪਰਿਵਾਰਾਂ ਦੇ ਬੱਚਿਆਂ ਨੂੰ ਪਹਿਲਾਂ ਇਹ ਮੰਨਣ ਲਈ ਮਜਬੂਰ ਕੀਤਾ ਜਾਂਦਾ ਸੀ ਕਿ ਮਿਆਰੀ ਸਿੱਖਿਆ ਅਤੇ ਪੇਸ਼ੇਵਰ ਕਰੀਅਰ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹਨ। ਉਨ੍ਹਾਂ ਦੀ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਹਾਲਤ ਸੁਧਾਰ ਕੇ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸਮਰੱਥ ਬਣਾ ਕੇ ਇਸ ਮਾਨਸਿਕਤਾ ਨੂੰ ਬਦਲਣ ਲਈ ਕੰਮ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਅੱਜ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਬੱਚੇ ਸਭ ਤੋਂ ਮਹਿੰਗੇ ਨਿੱਜੀ ਅਦਾਰਿਆਂ ਦੇ ਵਿਦਿਆਰਥੀਆਂ ਨਾਲ ਸਫਲਤਾਪੂਰਵਕ ਮੁਕਾਬਲਾ ਕਰ ਰਹੇ ਹਨ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਅਸਲ ਵਿੱਚ ਲੋਕਾਂ ਦੀ ਭਲਾਈ ਵਾਲੀ ਸਰਕਾਰ ਹੈ, ਜੋ ਲੋਕਾਂ ਦੀਆਂ ਜ਼ਿੰਦਗੀਆਂ ਸੁਧਾਰਨ ਲਈ ਅਣਥੱਕ ਮਿਹਨਤ ਕਰਦੀ ਹੈ। ਉਨ੍ਹਾਂ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਸਰਕਾਰ ਨੇ ਆਮ ਆਦਮੀ ਕਲੀਨਿਕਾਂ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਰਾਹੀਂ ਜਨਤਕ ਸਿਹਤ ਸੰਭਾਲ ਨੂੰ ਮਜ਼ਬੂਤ ਕੀਤਾ ਹੈ, ਜਿਸ ਤਹਿਤ ਯੋਗ ਪਰਿਵਾਰਾਂ ਨੂੰ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਕਵਰ ਮਿਲੇਗਾ। ਉਨ੍ਹਾਂ ਕਿਹਾ, "ਇਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਪਰਿਵਾਰ ਡਾਕਟਰੀ ਖਰਚਿਆਂ ਕਾਰਨ ਆਰਥਿਕ ਮੁਸ਼ਕਲ ਵਿੱਚ ਨਾ ਪਵੇ ਅਤੇ ਮਿਆਰੀ ਸਿਹਤ ਸੰਭਾਲ ਆਮ ਨਾਗਰਿਕਾਂ ਦੀ ਪਹੁੰਚ ਵਿੱਚ ਰਹੇ। ਸਾਡੀ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਲੋਕਾਂ ਨੂੰ ਆਰਥਿਕ ਬੋਝ ਦੀ ਚਿੰਤਾ ਕੀਤੇ ਬਿਨਾਂ ਜ਼ਰੂਰੀ ਸਿਹਤ ਸੰਭਾਲ ਮਿਲੇ।"

ਕਿਸਾਨਾਂ ਲਈ ਸਰਕਾਰ ਦੇ ਉਪਰਾਲਿਆਂ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਖੇਤੀਬਾੜੀ ਕਾਰਜਾਂ ਲਈ ਦਿਨ ਵੇਲੇ ਬਿਜਲੀ ਮੁਹੱਈਆ ਕਰਵਾਉਣ ਨਾਲ ਕਿਸਾਨ ਭਾਈਚਾਰੇ ਨੂੰ ਵੱਡੀ ਰਾਹਤ ਮਿਲੀ ਹੈ। ਕਿਸਾਨ ਹੁਣ ਆਪਣੀਆਂ ਫ਼ਸਲਾਂ ਨੂੰ ਸਿੰਜਣ ਲਈ ਪੂਰੀ ਰਾਤ ਜਾਗਣ ਦੀ ਬਜਾਏ ਦਿਨ ਵੇਲੇ ਆਪਣੇ ਖੇਤਾਂ ਵਿੱਚ ਕੰਮ ਕਰ ਸਕਦੇ ਹਨ।ਉਨ੍ਹਾਂ ਅੱਗੇ ਕਿਹਾ ਕਿ ਨਹਿਰੀ ਸਿੰਜਾਈ ਹੇਠਲਾ ਰਕਬਾ ਵੀ ਕਾਫ਼ੀ ਵਧਿਆ ਹੈ, ਜਿਸ ਨਾਲ ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਘਟੀ ਹੈ ਅਤੇ ਸੂਬੇ ਦੇ ਪਾਣੀਆਂ ਦੇ ਕੀਮਤੀ ਸਰੋਤਾਂ ਨੂੰ ਬਚਾਉਣ ਵਿੱਚ ਮਦਦ ਮਿਲੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਾਡੇ ਕਿਸਾਨ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਦੀ ਸਹੂਲਤ, ਸਤਿਕਾਰ ਅਤੇ ਖ਼ੁਸ਼ਹਾਲੀ ਸਾਡੀਆਂ ਤਰਜੀਹਾਂ ਹਨ। ਦਿਨ ਵੇਲੇ ਬਿਜਲੀ ਦੇਣਾ ਅਤੇ ਨਹਿਰੀ ਨੈੱਟਵਰਕ ਦਾ ਵਿਸਤਾਰ ਕਰਨਾ ਖੇਤੀਬਾੜੀ ਨੂੰ ਵਧੇਰੇ ਟਿਕਾਊ ਬਣਾਉਣ ਅਤੇ ਇਹ ਯਕੀਨੀ ਬਣਾਉਣ ਵੱਲ ਮਹੱਤਵਪੂਰਨ ਕਦਮ ਹਨ ਕਿ ਸਾਡੇ ਕਿਸਾਨਾਂ ਨੂੰ ਬੇਲੋੜਾ ਸੰਘਰਸ਼ ਨਾ ਕਰਨਾ ਪਵੇ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਇਸ ਤੱਥ ਨੂੰ ਹਜ਼ਮ ਕਰਨ ਤੋਂ ਅਸਮਰੱਥ ਹਨ ਕਿ ਪੰਜਾਬ ਵਿੱਚ ਸ਼ਾਸਨ ਦਾ ਨਵਾਂ ਮਾਡਲ ਦੇਖਣ ਨੂੰ ਮਿਲ ਰਿਹਾ ਹੈ ਜਿਸ ਵਿੱਚ ਜਨਤਕ ਪੈਸਾ ਸਿੱਖਿਆ, ਸਿਹਤ ਸੰਭਾਲ, ਪੀਣ ਵਾਲੇ ਪਾਣੀ, ਸਿੰਜਾਈ ਅਤੇ ਹੋਰ ਜ਼ਰੂਰੀ ਸੇਵਾਵਾਂ 'ਤੇ ਖਰਚ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਆਪਣੇ ਸਿਆਸੀ ਹਮਲੇ ਜਾਰੀ ਰੱਖ ਸਕਦੀ ਹੈ, ਪਰ ਲੋਕ ਸਰਕਾਰਾਂ ਦਾ ਮੁਲਾਂਕਣ ਉਨ੍ਹਾਂ ਦੀ ਕਾਰਗੁਜ਼ਾਰੀ ਅਤੇ ਵਚਨਬੱਧਤਾ ਦੇ ਆਧਾਰ 'ਤੇ ਕਰਨਗੇ। ਜਿਨ੍ਹਾਂ ਨੇ ਦਹਾਕਿਆਂ ਤੱਕ ਪੰਜਾਬ ਉੱਤੇ ਰਾਜ ਕੀਤਾ, ਉਨ੍ਹਾਂ ਕੋਲ ਲੋਕਾਂ ਦੀ ਸੇਵਾ ਕਰਨ ਦੇ ਬਹੁਤ ਸਾਰੇ ਮੌਕੇ ਸਨ ਪਰ ਉਹ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਅਸਫਲ ਰਹੇ। ਉਨ੍ਹਾਂ ਅੱਗੇ ਕਿਹਾ ਕਿ ਅੱਜ ਜਦੋਂ ਸਰਕਾਰੀ ਸਕੂਲ ਸੁਧਰ ਰਹੇ ਹਨ, ਸਿਹਤ ਸੰਭਾਲ ਲੋਕਾਂ ਦੇ ਦਰਵਾਜ਼ਿਆਂ ਤੱਕ ਪਹੁੰਚ ਰਹੀ ਹੈ, ਕਿਸਾਨਾਂ ਨੂੰ ਦਿਨ ਵੇਲੇ ਬਿਜਲੀ ਮਿਲ ਰਹੀ ਹੈ ਅਤੇ ਪਿੰਡਾਂ ਨੂੰ ਪੀਣ ਵਾਲਾ ਸਾਫ਼ ਪਾਣੀ ਮਿਲ ਰਿਹਾ ਹੈ ਤਾਂ ਉਹੀ ਸਿਆਸੀ ਤਾਕਤਾਂ ਬੇਚੈਨ ਹੋ ਰਹੀਆਂ ਹਨ।

ਆਪਣੀ ਸਰਕਾਰ ਦੀ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਨਤਕ ਪੈਸੇ ਦਾ ਇੱਕ-ਇੱਕ ਪੈਸਾ ਲੋਕਾਂ ਦੀ ਭਲਾਈ ਲਈ ਵਰਤਿਆ ਜਾਂਦਾ ਰਹੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੀ ਸਿਆਸੀ ਲੜਾਈ ਕਿਸੇ ਇੱਕ ਵਿਅਕਤੀ ਜਾਂ ਕਿਸੇ ਇੱਕ ਸਿਆਸੀ ਪਾਰਟੀ ਬਾਰੇ ਨਹੀਂ ਹੈ, ਸਗੋਂ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਬਿਹਤਰ ਭਵਿੱਖ ਨੂੰ ਯਕੀਨੀ ਬਣਾਉਣ ਬਾਰੇ ਹੈ। ਉਨ੍ਹਾਂ ਕਿਹਾ, "ਪੰਜਾਬ ਦੇ ਲੋਕ ਮੇਰਾ ਪਰਿਵਾਰ ਹਨ ਅਤੇ ਉਨ੍ਹਾਂ ਦਾ ਵਿਸ਼ਵਾਸ ਮੇਰੀ ਸਭ ਤੋਂ ਵੱਡੀ ਤਾਕਤ ਹੈ। ਇਹ ਸਿਆਸੀ ਪਾਰਟੀਆਂ ਇਕੱਠੀਆਂ ਹੋ ਸਕਦੀਆਂ ਹਨ, ਮੁਹਿੰਮਾਂ ਚਲਾ ਸਕਦੀਆਂ ਹਨ ਅਤੇ ਦੋਸ਼ ਲਾ ਸਕਦੀਆਂ ਹਨ, ਪਰ ਉਹ ਪੰਜਾਬੀਆਂ ਦੀਆਂ ਸਮੂਹਿਕ ਇੱਛਾਵਾਂ ਨੂੰ ਹਰਾ ਨਹੀਂ ਸਕਦੀਆਂ। ਪੰਜਾਬ ਦਾ ਭਵਿੱਖ ਇਸ ਦੇ ਲੋਕਾਂ ਦੁਆਰਾ ਤੈਅ ਕੀਤਾ ਜਾਵੇਗਾ, ਨਾ ਕਿ ਕੁਝ ਸਿਆਸੀ ਪਰਿਵਾਰਾਂ ਦੁਆਰਾ।"


SANJHA PUNJAB USA
PROUDLY PRESENTS
ASSOCIATE WITH
Jeeway Punjab Entertainment
and Atul Kapoor
SUFI SHAM
WITH
HANS RAJ HANS
FRIDAY
NOV 6
7.30 PM
Venue
Royal Event Hall
7323 Home Leisure Plaza
Sacramento CA 95823
SACRAMENTO-CA
VVIP TABLE
1st Row Tables
Premium Experience Includes:
Front Row Seating
Drinks
Appetizers
Sweet Dish
Dinner
Picture with the Artist
Your Name Displayed on the Stage Back Screen
VIP TABLE
2nd & 3rd Row Tables:
Special Experience Includes:
Drinks
Appetizers
Sweet Dish
Dinner
Picture with the Artist
Your Name Displayed on the Stage Back Screen
GENERAL TABLE
Includes:
Food
Drinks
Limited Tables Available – Book Your Table Now!
Jassi Banga 916-796-5003
Teja Virak 916-912-5678
Sonu Chatha 916-716-7331
Atul Kapoor 209-670-5384
Balwinder Bajwa 516-852-2222
Jassi Katron : 916-937-7785
Surinder Mahey : 408-620-2470

ਸਰਵਜਾਤੀ ਪੰਚਾਇਤ ਵਿੱਚ ਵਿਧਾਨ ਸਭਾ ਚੋਣਾਂ-2029 ਵਿੱਚ ਸਮਾਜ ਸੇਵੀ ਵਿਅਕਤੀ ਨੂੰ ਚੋਣ ਮੈਦਾਨ ਵਿੱਚ ਉਤਾਰਨ ਬਾਰੇ ਕੀਤਾ ਵਿਚਾਰ-ਵਟਾਂਦਰਾ

ਪਾਣੀਪਤ
ਨਿਰਮਲ ਸਿੰਘ ਵਿਰਕ

ਰਾਜਪੂਤ ਧਰਮਸ਼ਾਲਾ ਵਿਖੇ ਐਤਵਾਰ ਨੂੰ ਸਰਵਜਾਤੀ ਪੰਚਾਇਤ ਦੀ ਇੱਕ ਅਹਿਮ ਮੀਟਿੰਗ ਕਰਵਾਈ ਗਈ। ਮੀਟਿੰਗ ਦੀ ਪ੍ਰਧਾਨਗੀ ਸਰਵ ਪੂਰਵਾਂਚਲ ਸੰਘ ਦੇ ਜ਼ਿਲ੍ਹਾ ਪ੍ਰਧਾਨ ਉਮਾਸ਼ੰਕਰ ਰਾਏ ਅਤੇ ਸਮਾਜ ਸੇਵੀ ਡਾ. ਪ੍ਰੇਮ ਸਾਗਰ ਸ਼ਰਮਾ ਨੇ ਕੀਤੀ। ਮੀਟਿੰਗ ਵਿੱਚ ਸਾਲ 2029 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਪੰਚਾਇਤ ਵੱਲੋਂ ਆਉਣ ਵਾਲੀਆਂ ਚੋਣਾਂ ਵਿੱਚ ਕਿਸੇ ਸਮਾਜ ਸੇਵੀ ਵਿਅਕਤੀ ਨੂੰ ਚੋਣ ਮੈਦਾਨ ਵਿੱਚ ਉਤਾਰਨ ਦੀਆਂ ਸੰਭਾਵਨਾਵਾਂ 'ਤੇ ਵਿਚਾਰ ਕੀਤਾ ਗਿਆ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸਰਵਜਾਤੀ ਪੰਚਾਇਤ ਦੇ ਪ੍ਰਧਾਨ ਅਤੇ ਸਾਬਕਾ ਮੰਤਰੀ ਦੇ ਪ੍ਰਧਾਨ ਸਕੱਤਰ ਰਹੇ ਸਤਪਾਲ ਰਾਣਾ ਨੇ ਕਿਹਾ ਕਿ ਸਰਵਜਾਤੀ ਪੰਚਾਇਤ ਪਾਣੀਪਤ ਲਗਭਗ 40 ਸਾਲ ਪੁਰਾਣੀ ਸੰਸਥਾ ਹੈ। ਇਸ ਸੰਸਥਾ ਦੇ ਮਾਧਿਅਮ ਰਾਹੀਂ ਪਾਣੀਪਤ ਸ਼ਹਿਰ ਅਤੇ ਪੇਂਡੂ ਖੇਤਰ ਵਿੱਚ ਹੁਣ ਤੱਕ ਲਗਭਗ ਨੌਂ ਚੋਣਾਂ ਲੜੀਆਂ ਜਾ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਸੰਸਥਾ ਦੇ ਸੰਸਥਾਪਕ ਸਾਬਕਾ ਕੈਬਨਿਟ ਮੰਤਰੀ ਸਵਰਗੀ ਓਮ ਪ੍ਰਕਾਸ਼ ਜੈਨ ਸਨ। ਹੁਣ ਇਸ ਸੰਗਠਨ ਨੂੰ ਅੱਗੇ ਵਧਾਉਣ ਦੇ ਉਦੇਸ਼ ਨਾਲ ਇਹ ਮੀਟਿੰਗ ਆਯੋਜਿਤ ਕੀਤੀ ਗਈ ਹੈ। ਰਾਣਾ ਨੇ ਕਿਹਾ ਕਿ ਸਾਲ 2029 ਦੀਆਂ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਪੰਚਾਇਤ ਵੱਲੋਂ ਕਿਸੇ ਸਮਾਜ ਸੇਵੀ ਵਿਅਕਤੀ ਨੂੰ ਚੋਣ ਮੈਦਾਨ ਵਿੱਚ ਉਤਾਰਨ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿੱਚ ਸੰਸਥਾਪਕ ਸਵਰਗੀ ਓਮ ਪ੍ਰਕਾਸ਼ ਜੈਨ ਦੇ ਪਰਿਵਾਰ ਨੂੰ ਤਰਜੀਹ ਦਿੰਦਿਆਂ ਅਤੁਲ ਜੈਨ ਅਤੇ ਉਨ੍ਹਾਂ ਦੀ ਪਤਨੀ ਰਿਚਾ ਜੈਨ ਦੇ ਨਾਵਾਂ 'ਤੇ ਵਿਚਾਰ ਕੀਤਾ ਗਿਆ। ਇਸ ਤੋਂ ਇਲਾਵਾ ਸਰਵ ਪੂਰਵਾਂਚਲ ਸੰਘ ਦੇ ਜ਼ਿਲ੍ਹਾ ਪ੍ਰਧਾਨ ਉਮਾਸ਼ੰਕਰ ਰਾਏ,



ਕ੍ਰਾਂਤੀਕਾਰੀ ਆਗੂ ਅਨਿਲ ਪਾਂਡੇ ਅਤੇ ਪਿਛਲੇ 40 ਸਾਲਾਂ ਤੋਂ ਪਾਣੀਪਤ ਦੀ ਰਾਜਨੀਤੀ ਵਿੱਚ ਸਰਗਰਮ ਅਤੇ ਵੱਖ-ਵੱਖ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਨਾਲ ਜੁੜੇ ਸਤਪਾਲ ਰਾਣਾ ਦੇ ਨਾਂ ਵੀ ਵਰਕਰਾਂ ਵੱਲੋਂ ਸੁਝਾਏ ਗਏ। ਸਤਪਾਲ ਰਾਣਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਾਣੀਪਤ ਦਿਹਾਤੀ ਵਿਧਾਨ ਸਭਾ ਹਲਕੇ ਵਿੱਚ ਤਬਦੀਲੀ ਦੀ ਮੰਗ ਉੱਠ ਰਹੀ ਹੈ। ਉਨ੍ਹਾਂ ਨੇ ਸੂਬੇ ਦੇ ਮੰਤਰੀ ਮਹੀਪਾਲ ਢਾਂਡਾ ਦੇ ਕੰਮਕਾਜ ਅਤੇ ਭਾਜਪਾ ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਉਠਾਉਂਦਿਆਂ ਦੋਸ਼ ਲਾਇਆ ਕਿ ਲੋਕਾਂ ਦੇ ਕੰਮ ਨਹੀਂ ਹੋ ਰਹੇ ਅਤੇ ਜਨ ਪ੍ਰਤੀਨਿਧੀ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਵਿੱਚ ਲੋੜੀਂਦੀ ਦਿਲਚਸਪੀ ਨਹੀਂ ਦਿਖਾ ਰਹੇ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਦਿਹਾਤੀ ਖੇਤਰ ਦੇ ਲੋਕ ਤਬਦੀਲੀ ਦੇ ਮੁੱਦੇ 'ਤੇ ਆਪਣਾ ਫੈਸਲਾ ਲੈਣਗੇ। ਇਸ ਮੌਕੇ ਸਰਵ ਪੂਰਵਾਂਚਲ ਸੰਘ ਦੇ ਜ਼ਿਲ੍ਹਾ ਪ੍ਰਧਾਨ ਉਮਾਸ਼ੰਕਰ ਰਾਏ ਨੇ ਕਿਹਾ ਕਿ ਸਰਵਜਾਤੀ ਪੰਚਾਇਤ ਜੋ ਵੀ ਫੈਸਲਾ ਲਵੇਗੀ, ਉਹ ਉਨ੍ਹਾਂ ਨੂੰ ਮਨਜ਼ੂਰ ਹੋਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਚੋਣ ਲੜਨ ਦੇ ਉਦੇਸ਼ ਨਾਲ ਰਾਜਨੀਤੀ ਵਿੱਚ ਨਹੀਂ ਆਏ, ਸਗੋਂ ਸਮਾਜ ਸੇਵਾ ਹੀ ਉਨ੍ਹਾਂ ਦਾ ਮੁੱਖ ਮਕਸਦ ਹੈ ਅਤੇ ਉਹ ਅੱਗੇ ਵੀ ਸਮਾਜ ਸੇਵਾ ਕਰਦੇ ਰਹਿਣਗੇ। ਰਾਏ ਨੇ ਕਿਹਾ ਕਿ ਪਾਣੀਪਤ ਦਿਹਾਤੀ ਵਿਧਾਨ ਸਭਾ ਹਲਕੇ ਵਿੱਚ ਪੂਰਵਾਂਚਲ ਸਮਾਜ ਦੀਆਂ ਲਗਭਗ ਇੱਕ ਲੱਖ ਵੋਟਾਂ ਹਨ, ਜੋ ਚੋਣਾਂ ਵਿੱਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਖੇਤਰ ਦੇ ਲੋਕ ਤਬਦੀਲੀ ਦੇ ਮੂਡ ਵਿੱਚ ਹਨ। ਮੀਟਿੰਗ ਵਿੱਚ ਪੰਡਿਤ ਭਗਵਤ ਸ਼ਰਮਾ, ਦੀਪਕ ਕਬੀਰਪੰਥੀ, ਮਨੋਜ ਸਿੰਘ, ਰਾਜੂ ਸ਼੍ਰੀਵਾਸਤਵ, ਬਲਦੇਵ ਅਰੋੜਾ ਹਨੂੰਮਾਨ, ਡਾ. ਪ੍ਰੇਮ ਸਾਗਰ ਸ਼ਰਮਾ, ਰਵਿੰਦਰ ਸ਼ਰਮਾ, ਸੁਮਿਤ ਹਰੀ ਨਗਰ, ਬਲਵਿੰਦਰ ਜੋਗੀ, ਨਰੇਸ਼ ਮਹਿਤਾ, ਅਸ਼ੋਕ ਕਬੀਰਪੰਥੀ, ਰਮੇਸ਼ ਚੌਹਾਨ, ਤਿਲਕ ਰਾਜ ਠਕਰਾਲ, ਅਨਿਲ ਗੋਇਲ, ਸੰਜੇ ਮਿੱਤਲ, ਰਾਜੀਵ ਕੰਸਲ, ਦੇਵੇਂਦਰ ਬਾਂਸਲ, ਅਸ਼ੋਕ ਮਜੋਕਾ ਮਹਾਰਾਣਾ, ਦਯਾਨੰਦ ਰਾਠੀ, ਰਾਮਜੁਆਰੀ ਕਸ਼ਯਪ, ਸੁਰਿੰਦਰ ਬੈਰਾਗੀ, ਜਸਵੀਰ ਰਾਣਾ, ਕੁਲਦੀਪ ਰਾਣਾ, ਧਰਮਵੀਰ ਰਾਵਲ, ਡਾ. ਓਮਪਾਲ ਪੰਵਾਰ, ਸੁਰਿੰਦਰ ਗੁਰਜਰ, ਤੇਜਰਾਮ ਸ਼ਰਮਾ, ਰਾਮਲਾਲ ਫੋਰਮੈਨ ਭਾਟੀਆ, ਐਡਵੋਕੇਟ ਨਿਤਿਨ ਗਰਗ, ਐਡਵੋਕੇਟ ਸਿਆਰਾਮ ਸ਼ਰਮਾ, ਮਨੋਜ ਜੋਗੀ, ਬਬਲੂ ਕਸ਼ਯਪ, ਕਰਨ ਸ਼ਰਮਾ, ਬਲਰਾਮ ਕੌਸ਼ਿਕ, ਦੀਪਕ ਬਰੇਜਾ, ਸੋਹਨਲਾਲ ਵਰਮਾ, ਸ਼ਮਸ਼ੇਰ ਰਾਣਾ, ਹਰ ਨਾਰਾਇਣ ਸ਼ਰਮਾ ਕਾਬੜੀ, ਰਾਜਪਾਲ ਸੈਣੀ, ਨਫੇ ਸਿੰਘ ਸਮੇਤ ਸੈਂਕੜੇ ਲੋਕ ਹਾਜ਼ਰ ਸਨ।

ਭਗਵੰਤ ਮਾਨ ਸਰਕਾਰ ਨੇ ਪੰਜਾਬ ਵਿੱਚ ਨਸ਼ਾ ਵਿਰੋਧੀ ਮੁਹਿੰਮ ਨੂੰ ਜ਼ਮੀਨੀ ਪੱਧਰ ਤੱਕ ਪਹੁੰਚਾਇਆ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਭਗਵੰਤ ਮਾਨ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਪਹਿਲਕਦਮੀ ਤਹਿਤ, ਸ਼ਨੀਵਾਰ ਨੂੰ ਸੂਬੇ ਦੇ 23 ਜ਼ਿਲ੍ਹਿਆਂ ਵਿੱਚ ਤਾਲਮੇਲ ਨਾਲ ਕਾਰਡਨ ਐਂਡ ਸਰਚ ਆਪ੍ਰੇਸ਼ਨ ਚਲਾਏ ਗਏ। ਪੰਜਾਬ ਪੁਲਿਸ, ਸਿਵਲ ਪ੍ਰਸ਼ਾਸਨ ਅਤੇ ਨਸ਼ਾ ਮੁਕਤੀ ਮੋਰਚਾ ਵੱਲੋਂ ਚਲਾਇਆ ਗਿਆ ਇਹ ਵਿਆਪਕ ਅਭਿਆਨ ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ 60 ਦਿਨਾਂ ਦੀ ਵਿਸ਼ੇਸ਼ ਮੁਹਿੰਮ ਦਾ ਇੱਕ ਅਹਿਮ ਹਿੱਸਾ ਹੈ।

ਇਨ੍ਹਾਂ ਅਭਿਆਨਾਂ ਦਾ ਉਦੇਸ਼ ਨਸ਼ੀਲੇ ਪਦਾਰਥਾਂ ਦਾ ਪਤਾ ਲਗਾਉਣਾ, ਸ਼ੱਕੀ ਨਸ਼ਾ ਤਸਕਰਾਂ ਦੀ ਪਛਾਣ ਕਰਨਾ ਅਤੇ ਨਸ਼ਿਆਂ ਦੇ ਗ਼ੈਰ-ਕਾਨੂੰਨੀ ਕਾਰੋਬਾਰ ਵਿਰੁੱਧ ਕਾਰਵਾਈ ਨੂੰ ਹੋਰ ਮਜ਼ਬੂਤ ਕਰਨਾ ਹੈ। ਇਨ੍ਹਾਂ ਯਤਨਾਂ ਦੇ ਨਾਲ-ਨਾਲ, ਅਧਿਕਾਰੀਆਂ ਵੱਲੋਂ ਮੈਡੀਕਲ ਸਟੋਰਾਂ ਦੀ ਵੀ ਜਾਂਚ ਕੀਤੀ ਗਈ, ਤਾਂ ਜੋ ਨਸ਼ੀਲੇ ਪਦਾਰਥਾਂ ਵਜੋਂ ਵਰਤੀਆਂ ਜਾ ਸਕਣ ਵਾਲੀਆਂ ਦਵਾਈਆਂ ਦੀ ਗ਼ੈਰ-ਕਾਨੂੰਨੀ ਵਿਕਰੀ ਅਤੇ ਦੁਰਵਰਤੋਂ ਦੀ ਜਾਂਚ ਕੀਤੀ ਜਾ ਸਕੇ।

ਅਭਿਆਨਾਂ ਦੌਰਾਨ ਪੁਲਿਸ ਟੀਮਾਂ ਨੇ ਸੰਵੇਦਨਸ਼ੀਲ ਥਾਵਾਂ ਦੇ ਨਾਲ-ਨਾਲ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਬਾਰੀਕੀ ਨਾਲ ਜਾਂਚ ਕੀਤੀ। ਇਸ ਤੋਂ ਇਲਾਵਾ, ਨਸ਼ੇ ਦੀ ਵਰਤੋਂ ਵਾਲੀਆਂ ਨਿਸ਼ਾਨਬੱਧ ਥਾਵਾਂ ਨੂੰ ਖਾਲੀ ਕਰਵਾਉਣ ਲਈ ਕਾਰਵਾਈ ਕੀਤੀ ਗਈ, ਸੰਵੇਦਨਸ਼ੀਲ ਥਾਵਾਂ 'ਤੇ ਸੀਸੀਟੀਵੀ ਕੈਮਰੇ ਲਗਾਏ ਗਏ ਅਤੇ ਸਥਾਨਕ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਬੰਧਤ ਵਿਭਾਗਾਂ ਕੋਲ ਮਾਮਲੇ ਉਠਾਏ ਗਏ। ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਸਥਾਨਕ ਵਸਨੀਕਾਂ ਨਾਲ ਗੱਲਬਾਤ ਵੀ ਕੀਤੀ ਅਤੇ ਨਸ਼ਿਆਂ ਵਿਰੁੱਧ ਲੋਕਾਂ ਦੇ ਸਹਿਯੋਗ ਅਤੇ ਭਾਈਚਾਰਕ ਚੌਕਸੀ ਨੂੰ ਉਤਸ਼ਾਹਿਤ ਕਰਨ ਲਈ ਗ੍ਰਾਮ ਰੱਖਿਆ ਕਮੇਟੀਆਂ ਨਾਲ ਤਾਲਮੇਲ ਹੋਰ ਮਜ਼ਬੂਤ ਕੀਤਾ।

ਨਸ਼ਾ ਮੁਕਤੀ ਮੋਰਚਾ ਦੇ ਦੁਆਬਾ ਜ਼ੋਨ ਦੇ ਕੋਆਰਡੀਨੇਟਰ ਅਤਿਨ ਅਗਨੀਹੋਤਰੀ ਨੇ ਕਿਹਾ, "ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਯਕੀਨੀ ਬਣਾਉਣ ਲਈ ਅਸੀਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ ਅਤੇ ਡਿਪਟੀ ਸੁਪਰਡੈਂਟ ਆਫ਼ ਪੁਲਿਸ ਨਾਲ ਤਾਲਮੇਲ ਸ਼ੁਰੂ ਕਰ ਦਿੱਤਾ ਹੈ, ਅਤੇ ਸਾਨੂੰ ਉਮੀਦ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਦੇ ਸਕਾਰਾਤਮਕ ਨਤੀਜੇ ਸਾਹਮਣੇ ਆਉਣਗੇ।"

ਉਨ੍ਹਾਂ ਅੱਗੇ ਦੱਸਿਆ ਕਿ ਦੁਆਬਾ ਖੇਤਰ ਦੇ ਕਪੂਰਥਲਾ, ਹੁਸ਼ਿਆਰਪੁਰ, ਨਵਾਂਸ਼ਹਿਰ ਅਤੇ ਜਲੰਧਰ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਪੱਧਰੀ ਟੀਮਾਂ ਇਸ ਮੁਹਿੰਮ ਵਿੱਚ ਸਹਿਯੋਗ ਕਰ ਰਹੀਆਂ ਹਨ। ਮਾਲਵਾ ਈਸਟ ਦੀ ਕੋਆਰਡੀਨੇਟਰ ਅਨੂ ਬੱਬਰ ਨੇ ਕਿਹਾ, "ਸਾਡੇ ਜ਼ੋਨ ਵਿੱਚ ਕਾਰਡਨ ਐਂਡ ਸਰਚ ਆਪ੍ਰੇਸ਼ਨ ਪੂਰੀ ਤੇਜ਼ੀ ਨਾਲ ਚੱਲ ਰਹੇ ਹਨ, ਇਸ ਵਿੱਚ ਪਟਿਆਲਾ, ਮੋਹਾਲੀ, ਸੰਗਰੂਰ ਅਤੇ ਰੂਪਨਗਰ ਜ਼ਿਲ੍ਹੇ ਸ਼ਾਮਲ ਹਨ। ਟੀਮਾਂ ਨਸ਼ਿਆਂ ਪ੍ਰਤੀ ਸੰਵੇਦਨਸ਼ੀਲ ਮੰਨੇ ਜਾਂਦੇ ਪਿੰਡਾਂ ਅਤੇ ਇਲਾਕਿਆਂ ਦੀ ਜ਼ਮੀਨੀ ਸਥਿਤੀ ਦਾ ਜਾਇਜ਼ਾ ਲੈਣ ਲਈ ਸਥਾਨਕ ਵਸਨੀਕਾਂ ਨਾਲ ਵੀ ਗੱਲਬਾਤ ਕਰ ਰਹੀਆਂ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਮੁਹਿੰਮ ਸਿਰਫ਼ ਮੀਟਿੰਗਾਂ ਅਤੇ ਅਧਿਕਾਰਤ ਹਦਾਇਤਾਂ ਤੱਕ ਹੀ ਸੀਮਤ ਨਾ ਰਹੇ।"ਉਦਾਹਰਨ ਵਜੋਂ, ਅੰਮ੍ਰਿਤਸਰ ਵਿੱਚ ਇਹ ਅਭਿਆਨ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਆਈਪੀਐੱਸ, ਦੀ ਸਿੱਧੀ ਨਿਗਰਾਨੀ ਹੇਠ ਚਲਾਏ ਗਏ, ਇਸ ਦੌਰਾਨ 5 ਡੀਸੀਪੀ, 8 ਏਡੀਸੀਪੀ ਅਤੇ 10 ਏਸੀਪੀ ਦੇ ਨਾਲ-ਨਾਲ ਐਨਜੀਓਜ਼ ਅਤੇ ਓਆਰਜ਼ ਸਮੇਤ 430 ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ, ਤਾਂ ਜੋ ਜ਼ਮੀਨੀ ਪੱਧਰ 'ਤੇ



ਪ੍ਰਭਾਵਸ਼ਾਲੀ ਕਾਰਵਾਈ, ਸਖ਼ਤੀ ਨਾਲ ਕਾਨੂੰਨ ਲਾਗੂਕਰਨ ਅਤੇ ਨਿਰਧਾਰਤ ਉਪਾਵਾਂ ਨੂੰ ਵਿਆਪਕ ਪੱਧਰ 'ਤੇ ਲਾਗੂ ਕਰਨਾ ਯਕੀਨੀ ਬਣਾਇਆ ਜਾ ਸਕੇ। ਕਾਰਡਨ ਐਂਡ ਸਰਚ ਆਪ੍ਰੇਸ਼ਨ ਪੰਜਾਬ ਸਰਕਾਰ ਦੀ ਉਸ ਵਿਆਪਕ ਪਹਿਲਕਦਮੀ ਦਾ ਹਿੱਸਾ ਹਨ, ਜਿਸ ਦਾ ਉਦੇਸ਼ ਨਸ਼ਿਆਂ ਦੀ ਦੁਰਵਰਤੋਂ ਨੂੰ ਰੋਕਣਾ, ਨਸ਼ਿਆਂ ਦੀ ਸਪਲਾਈ ਦੀ ਪੂਰੀ ਲੜੀ ਨੂੰ ਤੋੜਨਾ ਅਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲੜਾਈ ਵਿੱਚ ਅੱਗੇ ਆ ਕੇ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਹੈ।

ਪਿਛਲੇ ਪੰਦਰਵਾੜੇ ਦੌਰਾਨ ਲੁਧਿਆਣਾ, ਬਟਾਲਾ, ਪਠਾਨਕੋਟ, ਰੂਪਨਗਰ, ਸੰਗਰੂਰ ਅਤੇ ਪਟਿਆਲਾ ਦੇ ਕੁਝ ਹਿੱਸਿਆਂ ਵਿੱਚ ਵੀ ਇਸੇ ਤਰ੍ਹਾਂ ਦੇ ਅਭਿਆਨ ਸ਼ੁਰੂ ਕੀਤੇ ਗਏ ਹਨ। ਇਸ ਦੇ ਨਾਲ ਹੀ ਅੰਮ੍ਰਿਤਸਰ ਦੇ ਮਕਬੂਲਪੁਰਾ ਅਤੇ ਗੁਰੂ ਤੇਗ ਬਹਾਦਰ ਨਗਰ ਵਿੱਚ ਵੀ ਅਭਿਆਨ ਚਲਾਏ ਗਏ ਹਨ। ਇਸੇ ਤਰ੍ਹਾਂ ਜਲੰਧਰ ਦੇ ਛੇਹਰਟਾ ਸਥਿਤ ਗੁਰੂ ਨਾਨਕ ਪੁਰਾ; ਹੁਸ਼ਿਆਰਪੁਰ ਦੇ ਘੰਟਾ ਘਰ ਅਤੇ ਟਾਂਡਾ ਥਾਣੇ ਅਧੀਨ ਆਉਂਦੇ ਹਰਸ਼ੀ ਪਿੰਡ; ਅਤੇ ਫਗਵਾੜਾ ਦੀ ਛੱਜ ਕਾਲੋਨੀ ਤੇ ਵਾਲਮੀਕਿ ਮੁਹੱਲੇ ਵਿੱਚ ਵੀ ਅਭਿਆਨ ਚਲਾਏ ਗਏ ਹਨ। ਇਸ ਮੁਹਿੰਮ ਦਾ ਅੰਤਿਮ ਉਦੇਸ਼ ਨਸ਼ਿਆਂ ਦੀ ਸਪਲਾਈ ਲੜੀ 'ਤੇ ਸੱਟ ਮਾਰਨ ਦੇ ਨਾਲ-ਨਾਲ ਉਨ੍ਹਾਂ ਹਾਲਾਤਾਂ ਨੂੰ ਦੂਰ ਕਰਨਾ ਹੈ, ਜੋ ਨਸ਼ਿਆਂ ਦੀ ਦੁਰਵਰਤੋਂ ਨੂੰ ਉਤਸ਼ਾਹਿਤ ਕਰਦੇ ਹਨ, ਤਾਂ ਜੋ ਪੰਜਾਬ ਨੂੰ ਨਸ਼ਾ ਮੁਕਤ ਬਣਾਇਆ ਜਾ ਸਕੇ। ਸੂਬੇ ਭਰ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਤੇਜ਼ੀ ਫੜਨ ਦੇ ਨਾਲ ਹੀ ਨਸ਼ਾ ਮੁਕਤੀ ਮੋਰਚਾ ਅਤੇ ਪੰਜਾਬ ਪੁਲਿਸ ਕਾਰਡਨ ਐਂਡ ਸਰਚ ਆਪ੍ਰੇਸ਼ਨ ਅਤੇ ਲਗਾਤਾਰ ਕਾਰਵਾਈ ਰਾਹੀਂ ਨਸ਼ਾ ਤਸਕਰਾਂ 'ਤੇ ਦਬਾਅ ਬਣਾਈ ਰੱਖਣ ਲਈ ਯਤਨਸ਼ੀਲ ਹਨ।

Space available for Ad
Contact # +1 (209) 303-1260
Contact # +91 81463-20009

ਸ਼੍ਰੋਮਣੀ ਅਕਾਲੀ ਦਲ ਮਾਨ ਅੰਮ੍ਰਿਤਸਰ ਕੈਲੀਫੋਰਨੀਆ ਇਕਾਈ ਦੀ ਮੀਟਿੰਗ ਹੋਈ

ਯੂਬਾ ਸਿਟੀ
ਸਾਂਝੀ ਸੋਚ ਬਿਊਰੋ

ਬੀਤ ਦਿਨੀ ਸ਼੍ਰੋਮਣੀ ਅਕਾਲੀ ਦਲ ਮਾਨ (ਅੰਮ੍ਰਿਤਸਰ) ਦੀ ਕੈਲੀਫੋਰਨੀਆ (ਅਮਰੀਕਾ) ਇਕਾਈ ਦੀ ਮੀਟਿੰਗ ਯੂਬਾ ਸਿਟੀ ਦੇ ਨਗਰ ਕੀਰਤਨ ਲਈ ਹੋਈ ਸੀ। ਇਸ ਮੌਕੇ ਪਾਰਟੀ ਦੇ ਸੁਪਰੀਮੋ ਸਿਮਰਨਜੀਤ ਸਿੰਘ ਮਾਨ, ਪਾਰਟੀ ਅਤੇ ਖਾਲਿਸਤਾਨ ਦੇ ਮੁੱਦੇ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੇ ਨਾਲ ਹੀ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਪਾਰਟੀ ਦੀ ਮਦਦ ਕਰਨ ਲਈ ਵੀ ਵਿਚਾਰਾਂ ਕੀਤੀਆ ਗਈਆਂ।

ਇਸ ਮੀਟਿੰਗ ਵਿੱਚ ਅਕਾਲੀ ਦਲ ਮਾਨ ਅੰਮ੍ਰਿਤਸਰ ਕੈਲੀਫੋਰਨੀਆ ਦੇ ਤਰਸੇਮ ਸਿੰਘ ਟੁਲੇਰੀ ਪ੍ਰਧਾਨ ਕੈਲੀਫੋਰਨੀਆ (ਅਮਰੀਕਾ), ਸਰਬਜੀਤ ਸਿੰਘ ਦਿੱਲੀ (ਕਨਵੀਨਰ), ਜਰਨੈਲ ਸਿੰਘ ਮੀਤ ਪ੍ਰਧਾਨ, ਹਰਦੀਪ ਸਿੰਘ ਖਾਲਸਾ ਜਨਰਲ ਸਕੱਤਰ, ਮਨਦੀਪ ਕੌਰ ਪ੍ਰਧਾਨ ਇਸਤਰੀ ਵਿੰਗ, ਬਲਵਿੰਦਰ ਕੌਰ ਮੁਹਾਲੀ, ਜਗਮੋਹਨ ਸਿੰਘ ਜਨਰਲ ਸਕੱਤਰ, ਗੁਰਜੀਤ ਸਿੰਘ ਛੀਨਾ ਪ੍ਰਧਾਨ ਫਰਿਜ਼ਨੋ, ਅਰਵਿੰਦਰ ਸਿੰਘ ਪਧਾਨ ਯੂਥ ਵਿੰਗ, ਤੇਜਿੰਦਰ ਸਿੰਘ ਲਾਸ ਏਂਜਲਸ, ਹਰਵਿੰਦਰ ਸਿੰਘ ਪ੍ਰਧਾਨ ਟਰੇਸੀ, ਤਜੇਸ਼ਵਰ ਸਿੰਘ ਪ੍ਰਧਾਨ ਸਪਰੇਸ ਟੈਕਸਾਸ, ਜੋਬਨਦੀਪ ਸਿੰਘ, ਗਗਨਦੀਪ ਵਿਰਕ, ਜਤਿੰਦਰ ਸਿੰਘ(ਫਰਿਜਨੋ), ਤੇਜਿੰਦਰ ਸਿੰਘ, ਜਰਮਨਜੀਤ ਸਿੰਘ, ਸਤਵੀਰ ਸਿੰਘ (ਫਰਿਜਨੋ), ਤੀਰਥ ਸਿੰਘ ਸੈਕਰਾਮੈਂਟੋ, ਗੁਰਪ੍ਰੀਤ ਸਿੰਘ ਤੂਰ, ਪਪਿੰਦਰ ਸਿੰਘ, ਗੁਰਮੀਤ ਸਿੰਘ ਸਿੱਧੂ, ਦਵਿੰਦਰ ਸਿੰਘ, ਅੰਜਨਪ੍ਰੀਤ ਸਿੰਘ, ਰਣਬੀਰ ਸਿੰਘ, ਜਗਰੂਪ ਸਿੰਘ ਚੀਮਾ, ਮਨਪ੍ਰੀਤ ਸਿੰਘ, ਵਿਜੇਦੀਪ ਸਿੰਘ, ਪਰਮਿੰਦਰ ਸਿੰਘ ਪਾਲ ਟੁਲੇਰੀ, ਗੁਰਵਿੰਦਰ ਸਿੰਘ ਸਪੋਕਸਮੈਨ, ਗੁਲਜਾਰ ਸਿੰਘ, ਬਲਵੰਤ ਸਿੰਘ, ਗੁਰਮੀਤ ਸਿੰਘ ਮੀਡੀਆ ਇੰਚਾਰਜ ਕੈਲੀਫੋਰਨੀਆ, ਸਨਦੀਪ ਸਿੰਘ ਪੂਨੀਆ, ਅਰਸ਼ਦੀਪ ਸਿੰਘ, ਜਸਵੀਰ ਸਿੰਘ, ਗੁਰਵਿੰਦਰ ਸਿੰਘ ਸੰਧੂ, ਪ੍ਰਧਾਨ ਗੁਰਨਾਮ ਸਿੰਘ ਭੰਡਾਲ ਢਾਡੀ ਜਥਾ ਯੂਬਾ ਸਿਟੀ, ਨਰਲੇਪ ਸਿੰਘ, ਗੁਰਦੇਵ ਸਿੰਘ, ਹਰਦੀਪ ਸਿੰਘ ਚੀਮਾ ਕਵੀਸ਼ਰ, ਸ਼ਹੀਦ ਗੁਰਦੀਪ ਸਿੰਘ ਦੀਪਾ ਦੇ ਭਰਾ ਅੰਮ੍ਰਿਤਪਾਲ ਸਿੰਘ ਕਨੇਡਾ ਤੋਂ ਵਿਸ ਤੌਰ ਤੇ ਪਹੁੰਚੇ ਸਨ।

































ਸ਼੍ਰੋਮਣੀ ਅਕਾਲੀ ਦਲ ਮਾਨ ਅੰਮ੍ਰਿਤਸਰ ਕੈਲੀਫੋਰਨੀਆ ਇਕਾਈ ਦੀ ਮੀਟਿੰਗ ਹੋਈ

























Gillson
TRUCKING INC

NOW HIRING
TRUCK DRIVERS
CLASS A CDL



- Signing Bonus
- Top pay
- Mileage Pay
- Great Benefits
- Over the Road or Local Routes
- Reefers and Dry Van Operations
- No touch freight



SKILLS
- Responsible truck driver.
- Experience with electronic equipment.
- Ability to travel regularly.
- Adaptivity and foresight to handle unexpected situations (traffic, weather conditions and roads, etc.)

RESPONSIBILITIES
- Safely operating assigned vehicles.
- The Vehicles are maintained and serviced as needed.
- Report any vehicle defects for repair.
- Make safety a priority at all times.
- Comply with standard federal laws and with company. policies and procedures.

PAY
- Average pay: $0.45-$0.60 cents/mile
- Weekly direct deposits
- Bonuses for clean inspections
- High mileage bonuses

NEWER EQUIPMENT

FREIGHTLINER AND VOLVO 2020 AND PRESENT
RESET PAY AWAY FROM TERMINALS- STOCKTON,. CA AND DAYTON, OHIO

Flexible Home Time
Pet Friendly
Rider Policy

SCAN QR CODE FOR
APPLY NOW

HEALTH BENEFITS
Health
Dental
Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com



ਨਵੰਬਰ 1984, ਜਿਹੜੇ ਜਖਮ ਤਾਅ ਉਮਰ ਰਿਸਦੇ ਰਹਿਣਗੇ

ਨਵੰਬਰ 1984 ਦਾ ਮਹੀਨਾ ਸਿੱਖ ਕੌਮ ਲਈ ਅਜਿਹੇ ਜ਼ਖ਼ਮ ਦੇ ਕੇ ਗਿਆ ਹੈ, ਜਿਨ੍ਹਾਂ ਦੀ ਪੀੜ ਚਾਰ ਦਹਾਕਿਆਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਘੱਟ ਨਹੀਂ ਹੋਈ। ਇਹ ਉਹ ਮਹੀਨਾ ਸੀ ਜਦੋਂ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਸਿੱਖਾਂ ਨੂੰ ਉਨ੍ਹਾਂ ਦੀ ਪਛਾਣ ਦੇ ਆਧਾਰ 'ਤੇ ਲੱਭ-ਲੱਭ ਕੇ ਮਾਰਿਆ ਗਿਆ, ਉਨ੍ਹਾਂ ਦੇ ਘਰ ਸਾੜੇ ਗਏ, ਦੁਕਾਨਾਂ ਲੁੱਟੀਆਂ ਗਈਆਂ ਅਤੇ ਗੁਰੂ ਘਰਾਂ ਨੂੰ ਨੁਕਸਾਨ ਪਹੁੰਚਾਇਆ ਗਿਆ। ਹਜ਼ਾਰਾਂ ਪਰਿਵਾਰ ਉਜਾੜ ਦਿੱਤੇ ਗਏ। ਪਿੱਛੇ ਰਹਿ ਗਈਆਂ ਵਿਧਵਾਵਾਂ, ਯਤੀਮ ਬੱਚੇ ਅਤੇ ਉਹ ਬਜ਼ੁਰਗ, ਜਿਨ੍ਹਾਂ ਦੀਆਂ ਅੱਖਾਂ ਸਾਹਮਣੇ ਉਨ੍ਹਾਂ ਦੇ ਧੀਆਂ ਪੁੱਤਰ ਬੇਰਹਿਮੀ ਨਾਲ ਕਤਲ ਕਰ ਦਿੱਤੇ ਗਏ। ਇਸ ਕਤਲੇਆਮ ਨੂੰ ਅਕਸਰ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਪਰ ਜਿਸਤਰਾਂ ਯੋਜਨਾਬੱਧ ਢੰਗ ਨਾਲ ਦੇਸ਼ ਦੇ ਵੱਖ ਵੱਖ-ਵੱਖ ਹਿੱਸਿਆਂ ਵਿੱਚ ਸਿੱਖਾਂ ਨੂੰ ਲੱਭ ਲੱਭਕੇ ਮਾਰਿਆ ਗਿਆ ਅਤੇ ਹਰ ਹਿੱਸੇ ਵਿੱਚ ਹੋਇਆ ਕਤਲੇਆਮ ਇੱਕੋ ਜਿਹੇ ਢੰਗ ਨਾਲ਼ ਕੀਤਾ ਗਿਆ ਉਸ ਤੋਂ ਇਹ ਅੰਦਾਜ਼ਾ ਲਾਉਣਾ ਕੋਈ ਮੁਸ਼ਕਲ ਨਹੀਂ ਕਿ ਸਿੱਖਾਂ ਨੂੰ ਪਹਿਲਾਂ ਤੋਂ ਬਣਾਈ ਗਈ ਯੋਜਨਾ ਤਹਿਤ ਚੁਣ ਚੁਣ ਕੇ ਮਾਰਿਆ ਗਿਆ ਜਿਸ ਵਿੱਚ ਹਰ ਜਗਾਹ ਦਾ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੀ ਦਿੱਲੀ ਦੀ ਤਰਜ ਤੇ ਕਾਤਲ ਭੀੜਾਂ ਦੀ ਮਦਦ ਕਰਦਾ ਦੇਖਿਆ ਗਿਆ। ਸ਼ੋ ਅਜਿਹਾ ਵਰਤਾਰਾ ਕਦੇ ਵੀ ਯੋਜਨਾ ਤੋਂ ਬਗੈਰ ਨਹੀਂ ਵਾਪਰਦਾ। ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਰਾਜ ਸਭਾ ਵਿੱਚ ਦਿੱਤੀ ਜਾਣਕਾਰੀ ਅਨੁਸਾਰ, 1984 ਦੇ ਕਤਲੇਆਮ ਦੌਰਾਨ ਦੇਸ਼ ਭਰ ਵਿੱਚ 3,325 ਵਿਅਕਤੀ ਮਾਰੇ ਗਏ, ਜਿਨ੍ਹਾਂ ਵਿੱਚੋਂ 2,733 ਦਿੱਲੀ ਵਿੱਚ ਸਨ।

ਭਾਂਵੇਂ ਇਹ ਅੰਕੜੇ ਅਸਲ ਸਚਾਈ ਤੋ ਕੋਹਾਂ ਦੂਰ ਹਨ,ਪਰ ਫਿਰ ਵੀ ਆਪਣੇ ਆਪ ਵਿੱਚ ਉਸ ਭਿਆਨਕ ਤਬਾਹੀ ਦੀ ਗਵਾਹੀ ਹਨ, ਜਿਸ ਨੂੰ ਕਿਸੇ ਵੀ ਸੱਭਿਅਕ ਸਮਾਜ ਵਿੱਚ ਕਦੇ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ। ਜਸਟਿਸ ਜੀ. ਟੀ. ਨਾਨਾਵਤੀ ਕਮਿਸ਼ਨ ਦੀ ਰਿਪੋਰਟ ਵਿੱਚ ਦਰਜ ਹੈ ਕਿ ਸਿੱਖਾਂ ਉੱਤੇ ਹਮਲੇ ਯੋਜਨਾਬੱਧ ਅਤੇ ਵਿਵਸਥਿਤ ਢੰਗ ਨਾਲ ਕੀਤੇ ਗਏ। ਕਈ ਥਾਵਾਂ 'ਤੇ ਹਮਲਾਵਰਾਂ ਨੂੰ ਪੁਲਿਸ ਤੋਂ ਕਿਸੇ ਕਿਸਮ ਦਾ ਡਰ ਨਹੀਂ ਸੀ, ਜਿਵੇਂ ਉਨ੍ਹਾਂ ਨੂੰ ਭਰੋਸਾ ਹੋਵੇ ਕਿ ਹਮਲੇ ਕਰਨ ਤੋਂ ਬਾਅਦ ਵੀ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਹੋਵੇਗੀ। ਕਮਿਸ਼ਨ ਨੇ ਇਹ ਵੀ ਦਰਜ ਕੀਤਾ ਕਿ ਕਾਂਗਰਸ ਦੇ ਕੁਝ ਸਥਾਨਕ ਆਗੂਆਂ ਅਤੇ ਕਾਰਕੁਨਾਂ ਨੇ ਭੀੜ ਨੂੰ ਭੜਕਾਉਣ ਜਾਂ ਹਮਲਿਆਂ ਵਿੱਚ ਮਦਦ ਕਰਨ ਦੀ ਭੂਮਿਕਾ ਨਿਭਾਈ। ਇਹ ਤੱਥ ਸਪੱਸ਼ਟ ਕਰਦੇ ਹਨ ਕਿ ਇਸ ਕਤਲੇਆਮ ਨੂੰ ਸਿਰਫ਼ ਭੀੜ ਦੇ ਗੁੱਸੇ ਦਾ ਨਤੀਜਾ ਕਹਿ ਕੇ ਪੱਲਾ ਨਹੀਂ ਝਾੜਿਆ ਜਾ ਸਕਦਾ। ਜਦੋਂ ਇੱਕੋ ਸਮੇਂ ਕਈ ਸ਼ਹਿਰਾਂ ਵਿੱਚ ਇੱਕੋ ਜਿਹੇ ਢੰਗ ਨਾਲ ਹਿੰਸਾ ਹੋਵੇ, ਜਦੋਂ ਹਮਲਾਵਰਾਂ ਨੂੰ ਸਥਾਨਕ ਸਿਆਸੀ ਅਤੇ ਪ੍ਰਸ਼ਾਸਕੀ ਤਾਕਤਾਂ ਦੀ ਹਮਾਇਤ ਮਿਲਣ ਦੇ ਸਬੂਤ ਸਾਹਮਣੇ ਆਉਣ, ਤਾਂ ਇਸ ਪਿੱਛੇ ਸੰਗਠਿਤ ਤਾਕਤਾਂ ਦੀ ਭੂਮਿਕਾ ਦੀ ਜਾਂਚ ਲਾਜ਼ਮੀ ਹੋ ਜਾਂਦੀ ਹੈ।

ਪੁਲਿਸ ਦੀ ਭੂਮਿਕਾ ਵੀ ਇਸ ਇਤਿਹਾਸ ਦਾ ਇੱਕ ਕਾਲਾ ਅਧਿਆਇ ਹੈ। ਹਿਊਮਨ ਰਾਈਟਸ ਵਾਚ ਦੀ ਰਿਪੋਰਟ ਅਨੁਸਾਰ, ਦਿੱਲੀ ਪੁਲਿਸ ਨੇ 2,733 ਮੌਤਾਂ ਦੇ ਬਾਵਜੂਦ ਸਿਰਫ਼ 587 ਐੱਫ.ਆਈ.ਆਰ. ਦਰਜ ਕੀਤੀਆਂ। ਇਨ੍ਹਾਂ ਵਿੱਚੋਂ 241 ਮਾਮਲੇ ਬਿਨਾਂ ਜਾਂਚ ਦੇ ਹੀ ਬੰਦ ਕਰ ਦਿੱਤੇ ਗਏ। 17 ਦਸੰਬਰ 2018 ਨੂੰ ਦਿੱਲੀ ਹਾਈ ਕੋਰਟ ਨੇ ਸੱਜਣ ਕੁਮਾਰ ਨੂੰ ਪੰਜ ਸਿੱਖਾਂ ਦੇ ਕਤਲ ਅਤੇ ਗੁਰਦੁਆਰੇ ਨੂੰ ਸਾੜਨ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਉਂਦਿਆਂ 1984 ਦੇ ਕਤਲੇਆਮ ਨੂੰ ਸਿਆਸੀ ਤਾਕਤਾਂ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਮਿਲੀਭੁਗਤ ਨਾਲ ਹੋਏ ਵੱਡੇ ਅਪਰਾਧ ਵਜੋਂ ਦੇਖਿਆ। ਅਦਾਲਤ ਨੇ ਇਸ ਘਟਨਾ ਨੂੰ ਮਨੁੱਖਤਾ ਵਿਰੁੱਧ ਅਪਰਾਧਾਂ ਦੇ ਸੰਦਰਭ ਵਿੱਚ ਵੀ ਵਿਚਾਰਿਆ।

ਪਰ ਇਨਸਾਫ਼ ਦੀ ਰਫ਼ਤਾਰ ਅੱਜ ਵੀ ਸਵਾਲਾਂ ਦੇ ਘੇਰੇ ਵਿੱਚ ਹੈ। ਚਾਲੀ ਸਾਲਾਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਬਹੁਤ ਸਾਰੇ ਪੀੜਤ ਪਰਿਵਾਰ ਅਤੇ ਗਵਾਹ ਆਪਣੇ ਕਾਤਲਾਂ ਨੂੰ ਸਜ਼ਾ ਦਿਵਾਉਣ ਦੀ ਉਡੀਕ ਕਰਦੇ ਦੁਨੀਆ ਤੋਂ ਰੁਖ਼ਸਤ ਹੋ ਗਏ। ਜਦੋਂ ਨਿਆਂ ਪ੍ਰਣਾਲੀ ਕਿਸੇ ਕੌਮ ਦੇ ਜ਼ਖ਼ਮਾਂ ਨੂੰ ਭਰਨ ਦੀ ਬਜਾਏ ਉਨ੍ਹਾਂ ਨੂੰ ਹੋਰ ਡੂੰਘਾ ਕਰੇ, ਤਾਂ ਲੋਕਾਂ ਦਾ ਕਾਨੂੰਨ ਅਤੇ ਪ੍ਰਸ਼ਾਸਨ ਤੋਂ ਭਰੋਸਾ ਉੱਠਣਾ ਸੁਭਾਵਿਕ ਹੈ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸਿੱਖਾਂ ਨੇ ਇੰਦਰਾ ਗਾਂਧੀ ਵੱਲੋਂ ਦਰਬਾਰ ਸਾਹਿਬ ਤੇ ਫੌਜੀ ਹਮਲਾ ਕਰਕੇ ਹਜਾਰਾਂ ਬੇਗੁਨਾਹ ਸਿੱਖਾਂ ਬੇਰਹਿਮੀ ਅਤੇ ਕਰੂਰਤਾ ਨਾਲ ਮਾਰਨ ਵਰਗੇ ਘਿਨਾਉਣੇ ਜੁਲਮਾਂ ਨੂੰ ਸਮੁੱਚੇ ਭਾਰਤੀਆਂ ਵੱਲੋਂ ਕੀਤਾ ਅਪਰਾਧ ਨਹੀਂ ਮੰਨਿਆ ਸੀ। ਕਿਸੇ ਇੱਕ ਵਿਅਕਤੀ ਦੇ ਅਪਰਾਧ ਦੀ ਸਜ਼ਾ ਪੂਰੀ ਕੌਮ ਨੂੰ ਦੇਣਾ ਨਾ ਇਨਸਾਫ਼ ਹੈ, ਨਾ ਧਰਮ ਅਤੇ ਨਾ ਹੀ ਮਨੁੱਖਤਾ। ਨਿਰਦੋਸ਼ ਲੋਕਾਂ ਨੂੰ ਉਨ੍ਹਾਂ ਦੀ ਧਾਰਮਿਕ ਪਛਾਣ ਕਾਰਨ ਕਤਲ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਅੱਜ ਲੋੜ ਹੈ ਕਿ 1984 ਦੇ ਕਤਲੇਆਮ ਨੂੰ ਸਿਰਫ਼ ਸਾਲਾਨਾ ਸ਼ਰਧਾਂਜਲੀ ਅਤੇ ਦੁੱਖ ਪ੍ਰਗਟ ਕਰਨ ਤੱਕ ਸੀਮਤ ਨਾ ਰੱਖਿਆ ਜਾਵੇ,ਸਗੋਂ ਪੀੜਤਾਂ ਨੂੰ ਇਨਸਾਫ਼, ਇਤਿਹਾਸ ਨੂੰ ਸੱਚ ਅਤੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਇਸ ਕਤਲੇਆਮ ਦੀ ਨਿਰਪੱਖ ਜਾਣਕਾਰੀ ਮਿਲਣੀ ਚਾਹੀਦੀ ਹੈ। ਦੋਸ਼ੀਆਂ ਦੀ ਸਿਆਸੀ ਪਛਾਣ ਜਾਂ ਅਹੁਦਾ ਉਨ੍ਹਾਂ ਨੂੰ ਕਾਨੂੰਨ ਤੋਂ ਉੱਪਰ ਨਹੀਂ ਕਰ ਸਕਦਾ,ਪਰ ਅਫਸੋਸ ! ਕਿ ਏਥੇ ਸਾਰਾ ਕੁੱਝ ਜਾਇਜ ਹੈ। ਸਿੱਖ ਕੌਮ ਦੇ ਜ਼ਖ਼ਮਾਂ ਨੂੰ ਭਰਨ ਦਾ ਰਾਹ ਸੱਚ ਨੂੰ ਸਵੀਕਾਰ ਕਰਨ, ਦੋਸ਼ੀਆਂ ਨੂੰ ਸਜ਼ਾ ਦੇਣ ਅਤੇ ਰਾਜਕੀ ਸੰਸਥਾਵਾਂ ਨੂੰ ਜਵਾਬਦੇਹ ਬਣਾਉਣ ਵਿੱਚੋਂ ਹੀ ਨਿਕਲਦਾ ਹੈ। ਇਤਿਹਾਸ ਨੂੰ ਭੁੱਲ ਜਾਣਾ ਇਨਸਾਫ਼ ਨਹੀਂ, ਅਤੇ ਇਨਸਾਫ਼ ਤੋਂ ਬਿਨਾਂ ਸ਼ਾਂਤੀ ਸਿਰਫ਼ ਇੱਕ ਖੋਖਲਾ ਨਾਅਰਾ ਹੈ। ਨਵੰਬਰ 1984 ਦਾ ਮਹੀਨਾ ਸਿੱਖਾਂ ਲਈ ਕਦੇ ਨਾ ਭੁੱਲਣ ਵਾਲੇ ਜ਼ਖ਼ਮ ਦੇਣ ਵਾਲਾ ਮਹੀਨਾ ਹੈ,ਅਜਿਹੇ ਜਖਮ ਜਿਹੜੇ ਤਾਅ ਉਮਰ ਰਿਸਦੇ ਰਹਿਣਗੇ।



SERVPRO
OF TRACY
Cleaning. Restoration. Construction.

ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ

ਅਸੀਂ Insurance Companies ਦੇ National Account 'ਤੇ ਹਾਂ

ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ

Before

After

- ਪਾਣੀ ਨਾਲ ਨੁਕਸਾਨ ਦੀ ਮੁਰੰਮਤ
- ਕਾਰਪੇਟ ਅਤੇ ਫਰਨੀਚਰ ਸੁਕਾਉਣਾ
- ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
- Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ

Before

After

ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ

2275 N Mac Arthur Dr Tracy, CA 95376

CONTACT FOR MORE INFORMATION

DEEPINDER MAHAL
President

Office (209) 834-0200
Cell (408) 963-7702


IN LOVING MEMORY OF
SURJIT SINGH
February 10, 1954 – October 25, 2026
FUNERAL SERVICE
Wednesday, November 4, 2026
10:00 AM – 12:00 PM
Allen Mortuary
247 North Broadway, Turlock, CA 95380
ANTIM ARDAS
1:00 PM – 3:00 PM
Sikh Temple, Modesto, Ceres
5743 E Hatch Rd
Hughson, CA 95326
Contact: Narinder Singh Maan
209-324-1857

ATWAL
IMMIGRATION SERVICES

ATWAL
TAX & IMMIGRATION
— SERVICES —

- FAMILY PETITIONS
- NATURALIZATION (US CITIZENSHIP)
- GREEN CARD RENEW
- WORK PERMIT RENEW
- AFFIDAVIT OF SUPPORT
- INDIAN AND US PASSPORT RENEW
- INDIAN VISA
- OCI
- E-VISA
- INDIAN PASSPORT SURRENDER



ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ



TONY
ATWAL


ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com

ਜਾਂ ਫ਼ਿਰ ਸਾਡੀ WEBSITE
www.atwaltaximmigrationservices.com

ADDRESS 1
119 N Maple Ave, Ste B,Manteca, CA,95336 Manteca
(209) 505-6384

ADDRESS 2
2800 Mitchell Rd,Ste.W,Ceres ,CA 95307, Ceres
(209) 568-9682

ਗਿਆਨ ਦੀ ਜੋਤ ਜਗਾਉਂਦੀ ਕਲਮ
ਲੇਖਕ ਡਾ. ਵਿਜੇ ਗਰਗ ਦਾ ਸਾਹਿਤਕ ਸਫ਼ਰ



ਲੇਖਕ ਸਿਰਫ਼ ਕਾਗਜ਼ ਉੱਤੇ ਸ਼ਬਦ ਲਿਖਣ ਵਾਲਾ ਵਿਅਕਤੀ ਨਹੀਂ ਹੁੰਦਾ, ਸਗੋਂ ਉਹ ਸਮਾਜ ਦਾ ਸੂਖਮ ਨਿਰੀਖਕ, ਵਿਚਾਰਾਂ ਦਾ ਵਾਹਕ ਅਤੇ ਤਬਦੀਲੀ ਦਾ ਪ੍ਰੇਰਕ ਹੁੰਦਾ ਹੈ। ਉਹ ਆਪਣੇ ਲੇਖਾਂ ਰਾਹੀਂ ਸਮਾਜ ਦੀਆਂ ਸਮੱਸਿਆਵਾਂ ਨੂੰ ਉਜਾਗਰ ਕਰਦਾ ਹੈ, ਲੋਕਾਂ ਨੂੰ ਸੋਚਣ ਲਈ ਪ੍ਰੇਰਿਤ ਕਰਦਾ ਹੈ ਅਤੇ ਗਿਆਨ ਦੀ ਰੌਸ਼ਨੀ ਫੈਲਾਉਂਦਾ ਹੈ। ਡਾ. ਵਿਜੇ ਗਰਗ ਅਜਿਹੇ ਹੀ ਸਿੱਖਿਆਵਿਦ ਅਤੇ ਲੇਖਕ ਹਨ, ਜਿਨ੍ਹਾਂ ਨੇ ਆਪਣਾ ਜੀਵਨ ਸਿੱਖਿਆ, ਲੇਖਣੀ, ਗਿਆਨ ਦੇ ਪ੍ਰਸਾਰ ਅਤੇ ਸਮਾਜਿਕ ਜਾਗਰੂਕਤਾ ਨੂੰ ਸਮਰਪਿਤ ਕੀਤਾ ਹੈ।

15 ਅਗਸਤ 1962 ਨੂੰ ਪੰਜਾਬ ਦੇ ਪਿੰਡ ਫਤੂਹੀ ਖੇੜਾ ਵਿੱਚ ਜਨਮੇ ਡਾ. ਵਿਜੇ ਗਰਗ ਨੇ ਆਪਣੀ ਮਿਹਨਤ, ਲਗਨ ਅਤੇ ਗਿਆਨ ਪ੍ਰਤੀ ਸਮਰਪਣ ਨਾਲ ਆਪਣੀ ਵੱਖਰੀ ਪਛਾਣ ਬਣਾਈ। ਉਨ੍ਹਾਂ ਨੇ ਐੱਮ.ਐੱਸ.ਸੀ., ਬੀ.ਐੱਸ.ਸੀ., ਬੀ.ਐੱਡ. ਅਤੇ ਸਟੈਟਿਸਟਿਕਸ ਵਿੱਚ ਪੋਸਟ ਗ੍ਰੈਜੂਏਟ ਡਿਪਲੋਮਾ ਪ੍ਰਾਪਤ ਕੀਤਾ। ਪੰਜਾਬ ਸਿੱਖਿਆ ਵਿਭਾਗ ਵਿੱਚ ਲਗਭਗ ਦੋ ਦਹਾਕਿਆਂ ਤੱਕ ਗਣਿਤ ਦੇ ਲੈਕਚਰਾਰ ਵਜੋਂ ਸੇਵਾ ਨਿਭਾਉਣ ਤੋਂ ਬਾਅਦ ਉਨ੍ਹਾਂ ਨੇ ਪ੍ਰਿੰਸੀਪਲ ਵਜੋਂ ਵੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ। ਸਰਕਾਰੀ ਸੇਵਾ ਤੋਂ ਸੇਵਾਮੁਕਤ ਹੋਣ ਮਗਰੋਂ ਵੀ ਉਨ੍ਹਾਂ ਦਾ ਸਿੱਖਿਆ ਅਤੇ ਸਾਹਿਤ ਨਾਲ ਜੁੜਾਅ ਲਗਾਤਾਰ ਜਾਰੀ ਹੈ।

ਲੇਖਣੀ ਇੱਕ ਮਿਸ਼ਨ, ਸਿਰਫ਼ ਸ਼ੌਕ ਨਹੀਂ

ਡਾ. ਗਰਗ ਲਈ ਲੇਖਣੀ ਸਿਰਫ਼ ਸ਼ੌਕ ਜਾਂ ਪੇਸ਼ਾ ਨਹੀਂ, ਸਗੋਂ ਸਮਾਜ ਨੂੰ ਸਿੱਖਿਅਤ ਅਤੇ ਜਾਗਰੂਕ ਕਰਨ ਦਾ ਇੱਕ ਮਿਸ਼ਨ ਹੈ। ਪਿਛਲੇ ਕਈ ਸਾਲਾਂ ਦੌਰਾਨ ਉਨ੍ਹਾਂ ਨੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਹਜ਼ਾਰਾਂ ਲੇਖ ਲਿਖੇ ਹਨ, ਜੋ ਦੇਸ਼-ਵਿਦੇਸ਼ ਦੇ ਅਖ਼ਬਾਰਾਂ, ਰਸਾਲਿਆਂ ਅਤੇ ਵਿੱਦਿਅਕ ਪ੍ਰਕਾਸ਼ਨਾਂ ਵਿੱਚ ਛਪਦੇ ਰਹੇ ਹਨ।

ਉਨ੍ਹਾਂ ਦੇ ਲੇਖਾਂ ਦਾ ਵਿਸ਼ਾ ਖੇਤਰ ਬਹੁਤ ਵਿਸ਼ਾਲ ਹੈ। ਸਿੱਖਿਆ, ਵਿਗਿਆਨ, ਤਕਨਾਲੋਜੀ, ਵਾਤਾਵਰਣ, ਸਮਾਜਿਕ ਸਮੱਸਿਆਵਾਂ, ਸਿਹਤ ਜਾਗਰੂਕਤਾ, ਕਰੀਅਰ ਮਾਰਗਦਰਸ਼ਨ, ਮਨੁੱਖੀ ਕਦਰਾਂ-ਕੀਮਤਾਂ ਅਤੇ ਸਮਕਾਲੀ ਚੁਣੌਤੀਆਂ ਉਨ੍ਹਾਂ ਦੇ ਲੇਖਣ ਦੇ ਮੁੱਖ ਵਿਸ਼ੇ ਹਨ।

ਉਹ ਪ੍ਰਸਿੱਧ ਵਿੱਦਿਅਕ ਰਸਾਲੇ ਜੂਨੀਅਰ ਸਾਇੰਸ ਰਿਫਰੈਸ਼ਰ ਦੇ ਨਿਯਮਿਤ ਲੇਖਕ ਵੀ ਰਹੇ ਹਨ। ਉਨ੍ਹਾਂ ਦੀ ਲੇਖਣੀ ਦਾ ਇੱਕ ਮਹੱਤਵਪੂਰਨ ਉਦੇਸ਼ ਵਿਗਿਆਨਕ ਵਿਚਾਰਾਂ ਨੂੰ ਸਰਲ ਭਾਸ਼ਾ ਵਿੱਚ ਆਮ ਪਾਠਕਾਂ ਤੱਕ ਪਹੁੰਚਾਉਣਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਵਿਗਿਆਨ ਸਿਰਫ਼ ਪ੍ਰਯੋਗਸ਼ਾਲਾਵਾਂ ਅਤੇ ਪਾਠ ਪੁਸਤਕਾਂ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਇਹ ਸਾਡੇ ਰੋਜ਼ਾਨਾ ਜੀਵਨ ਦੀ ਸੋਚ ਅਤੇ ਫ਼ੈਸਲਿਆਂ ਦਾ ਹਿੱਸਾ ਬਣਨਾ ਚਾਹੀਦਾ ਹੈ।

ਸਿੱਖਿਆ ਅਤੇ ਸਮਾਜਿਕ ਤਬਦੀਲੀ ਦੀ ਆਵਾਜ਼

ਡਾ. ਗਰਗ ਦੀ ਲੇਖਣੀ ਦੀ ਵਿਸ਼ੇਸ਼ਤਾ ਇਸ ਦੀ ਵਿਭਿੰਨਤਾ ਹੈ। ਉਹ ਮੰਨਦੇ ਹਨ ਕਿ ਲੇਖਕ ਨੂੰ ਕਿਸੇ ਇੱਕ ਵਿਸ਼ੇ ਜਾਂ ਵਰਗ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਦੇ ਲੇਖ ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ, ਨੀਤੀ-ਨਿਰਮਾਤਾਵਾਂ ਅਤੇ ਆਮ ਨਾਗਰਿਕਾਂ ਲਈ ਲਾਭਦਾਇਕ ਹੁੰਦੇ ਹਨ।

ਉਹ ਸਿੱਖਿਆ ਪ੍ਰਣਾਲੀ ਵਿੱਚ ਬਦਲਾਅ, ਮੁਕਾਬਲੇ ਦੀਆਂ ਪ੍ਰੀਖਿਆਵਾਂ, ਰੁਜ਼ਗਾਰ ਦੇ ਮੌਕਿਆਂ, ਵਿਗਿਆਨਕ ਖੋਜਾਂ, ਵਾਤਾਵਰਣ ਦੀ ਸੁਰੱਖਿਆ, ਮਹਿਲਾ ਸਸ਼ਕਤੀਕਰਨ, ਪੇਂਡੂ ਵਿਕਾਸ, ਸਿਹਤ ਅਤੇ ਸਮਾਜਿਕ ਜ਼ਿੰਮੇਵਾਰੀਆਂ ਵਰਗੇ ਵਿਸ਼ਿਆਂ ਉੱਤੇ ਲਿਖਦੇ ਹਨ। ਆਰਟੀਫ਼ੀਸ਼ੀਅਲ ਇੰਟੈਲੀਜੈਂਸ ਵਰਗੀਆਂ ਨਵੀਆਂ ਤਕਨੀਕਾਂ ਦੇ ਸਿੱਖਿਆ, ਰੁਜ਼ਗਾਰ ਅਤੇ ਮਨੁੱਖੀ ਜੀਵਨ ਉੱਤੇ ਪੈਣ ਵਾਲੇ ਪ੍ਰਭਾਵਾਂ ਨੂੰ ਵੀ ਆਪਣੀ ਲੇਖਣੀ ਦਾ ਹਿੱਸਾ ਬਣਾਉਂਦੇ ਹਨ।

ਉਨ੍ਹਾਂ ਦਾ ਵਿਸ਼ਵਾਸ ਹੈ ਕਿ ਔਖੇ ਵਿਸ਼ਿਆਂ ਨੂੰ ਵੀ ਅਜਿਹੀ ਸਰਲ ਭਾਸ਼ਾ ਵਿੱਚ ਪੇਸ਼ ਕੀਤਾ ਜਾਣਾ ਚਾਹੀਦਾ ਹੈ, ਜਿਸ ਨੂੰ ਆਮ ਪਾਠਕ ਆਸਾਨੀ ਨਾਲ ਸਮਝ ਸਕਣ। ਗਿਆਨ ਦੀ ਅਸਲ ਸਾਰਥਕਤਾ ਉਦੋਂ ਹੀ ਹੈ, ਜਦੋਂ ਇਹ ਮਨੁੱਖ ਦੇ ਜੀਵਨ ਅਤੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰੇ।

ਵਿਸ਼ਾਲ ਸਾਹਿਤਕ ਯੋਗਦਾਨ

ਡਾ. ਗਰਗ ਨੇ ਸਿੱਖਿਆ, ਵਿਗਿਆਨ, ਗਣਿਤ, ਕਰੀਅਰ ਮਾਰਗਦਰਸ਼ਨ, ਮੁਕਾਬਲੇ ਦੀਆਂ ਪ੍ਰੀਖਿਆਵਾਂ ਅਤੇ ਆਮ ਗਿਆਨ ਨਾਲ ਸਬੰਧਤ 150 ਤੋਂ ਵੱਧ ਪੁਸਤਕਾਂ ਲਿਖੀਆਂ ਅਤੇ ਤਿਆਰ ਕੀਤੀਆਂ ਹਨ। ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਵਿੱਚ ਇਨ੍ਹਾਂ ਵਿੱਚ ਕੈਰੀਅਰ ਹੈਂਡਬੁੱਕ, ਸਰਬਕਾਲੀ ਮਹਾਨ ਭਾਰਤੀ ਵਿਗਿਆਨੀ, ਹਾਈਬ੍ਰਿਡ ਅਧਿਆਪਕ, ਚਿੱਤਰਮਈ ਸ਼ਬਦਕੋਸ਼, ਅਸਫਲਤਾ ਤੋਂ ਸਫਲਤਾ ਵੱਲ ਅਤੇ ਜਵਾਹਰ ਨਵੋਦਿਆ ਵਿਦਿਆਲਿਆ ਪ੍ਰੈਕਟਿਸ ਕਿੱਟ ਸ਼ਾਮਲ ਹਨ।

ਇਨ੍ਹਾਂ ਪੁਸਤਕਾਂ ਦਾ ਮੁੱਖ ਉਦੇਸ਼ ਵਿਦਿਆਰਥੀਆਂ ਲਈ ਸਿੱਖਿਆ ਨੂੰ ਸਰਲ, ਵਿਹਾਰਕ ਅਤੇ ਦਿਲਚਸਪ ਬਣਾਉਣਾ ਹੈ। ਉਹ ਖ਼ਾਸ ਤੌਰ 'ਤੇ ਪੇਂਡੂ ਖੇਤਰਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਵਿਦਿਆਰਥੀਆਂ ਤੱਕ ਗੁਣਵੱਤਾਪੂਰਨ ਵਿੱਦਿਅਕ ਸਮੱਗਰੀ ਪਹੁੰਚਾਉਣ ਲਈ ਯਤਨਸ਼ੀਲ ਰਹੇ ਹਨ।

ਉਨ੍ਹਾਂ ਦੀ ਪੁਸਤਕ ਅਸਫਲਤਾ ਤੋਂ ਸਫਲਤਾ ਵੱਲ ਇਹ ਸੁਨੇਹਾ ਦਿੰਦੀ ਹੈ ਕਿ ਅਸਫਲਤਾ ਜੀਵਨ ਦਾ ਅੰਤ ਨਹੀਂ, ਸਗੋਂ ਸਿੱਖਣ, ਸੁਧਾਰ ਕਰਨ ਅਤੇ ਅੱਗੇ ਵਧਣ ਦਾ ਇੱਕ ਮੌਕਾ ਹੈ।

ਕਿਤਾਬਾਂ ਅਤੇ ਅਖ਼ਬਾਰਾਂ ਤੋਂ ਅੱਗੇ

ਡਾ. ਗਰਗ ਦਾ ਯੋਗਦਾਨ ਸਿਰਫ਼ ਲੇਖਣੀ ਅਤੇ ਪੁਸਤਕਾਂ ਤੱਕ ਸੀਮਤ ਨਹੀਂ ਹੈ। ਉਨ੍ਹਾਂ ਨੇ ਨਿਊ ਨੈਸ਼ਨਲ ਡਿਜੀਟਲ ਲਾਇਬ੍ਰੇਰੀ ਦੀ ਸਥਾਪਨਾ ਕੀਤੀ, ਜਿਸ ਰਾਹੀਂ ਵਿਦਿਆਰਥੀਆਂ ਨੂੰ ਡਿਜੀਟਲ ਅਧਿਐਨ ਸਮੱਗਰੀ, ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀਆਂ ਪੁਸਤਕਾਂ, ਆਮ ਗਿਆਨ ਅਤੇ ਅਕਾਦਮਿਕ ਮਾਰਗਦਰਸ਼ਨ ਉਪਲਬਧ ਕਰਵਾਇਆ ਜਾਂਦਾ ਹੈ।

ਨੀਟ , ਜੇ.ਈ.ਈ. , ਸੰਘ ਲੋਕ ਸੇਵਾ ਕਮਿਸ਼ਨ , ਅਤੇ ਭਾਰਤੀ ਪ੍ਰਸ਼ਾਸਨਿਕ ਸੇਵਾ ਅਤੇ ਓਲੰਪਿਆਡ ਵਰਗੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਲਈ ਵਟਸਐਪ ਗਰੁੱਪਾਂ ਰਾਹੀਂ ਵੀ ਮੁਫ਼ਤ ਸਿੱਖਿਆ ਸਮੱਗਰੀ ਅਤੇ ਮਾਰਗਦਰਸ਼ਨ ਦਿੱਤਾ ਜਾਂਦਾ ਹੈ।

ਉਹ ਆਨਲਾਈਨ ਮੈਗਜ਼ੀਨ ਢਨਭੋਰਲਦ.ਚੋਮ ਦੇ ਅਕਾਦਮਿਕ ਸੰਪਾਦਕ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਇਸ ਭੂਮਿਕਾ ਵਿੱਚ ਉਹ ਵਿੱਦਿਅਕ ਸਮੱਗਰੀ ਦੀ ਗੁਣਵੱਤਾ ਅਤੇ ਬੌਧਿਕ ਦਿਸ਼ਾ ਨੂੰ ਮਜ਼ਬੂਤ ਬਣਾਉਣ ਵਿੱਚ ਯੋਗਦਾਨ ਪਾਉਂਦੇ ਹਨ।

ਲੇਖਣੀ ਪਿੱਛੇ ਜੀਵਨ-ਦਰਸ਼ਨ

ਡਾ. ਗਰਗ ਦੇ ਅਨੁਸਾਰ ਲੇਖਕ ਦੀ ਜ਼ਿੰਮੇਵਾਰੀ ਸਿਰਫ਼ ਜਾਣਕਾਰੀ ਦੇਣਾ ਨਹੀਂ, ਸਗੋਂ ਲੋਕਾਂ ਵਿੱਚ ਤਰਕਸ਼ੀਲ ਸੋਚ ਪੈਦਾ ਕਰਨਾ, ਵਿਗਿਆਨਕ ਦ੍ਰਿਸ਼ਟੀਕੋਣ ਨੂੰ ਉਤਸ਼ਾਹਿਤ ਕਰਨਾ, ਸਮਾਜ ਦੀਆਂ ਹਾਨੀਕਾਰਕ ਰੂੜ੍ਹੀਆਂ ਨੂੰ ਚੁਣੌਤੀ ਦੇਣਾ ਅਤੇ ਸਕਾਰਾਤਮਕ ਤਬਦੀਲੀ ਲਈ ਪ੍ਰੇਰਿਤ ਕਰਨਾ ਵੀ ਹੈ।

ਉਹ ਮੰਨਦੇ ਹਨ ਕਿ ਕਦਰਾਂ-ਕੀਮਤਾਂ ਤੋਂ ਬਿਨਾਂ ਸਿੱਖਿਆ ਅਧੂਰੀ ਹੈ, ਸਮਾਜਿਕ ਜ਼ਿੰਮੇਵਾਰੀ ਤੋਂ ਬਿਨਾਂ ਵਿਗਿਆਨ ਸੀਮਤ ਹੈ ਅਤੇ ਵਿਹਾਰਕ ਜੀਵਨ ਵਿੱਚ ਵਰਤੋਂ ਤੋਂ ਬਿਨਾਂ ਗਿਆਨ ਆਪਣੀ ਬਹੁਤ ਸਾਰੀ ਮਹੱਤਤਾ ਗੁਆ ਦਿੰਦਾ ਹੈ।

ਉਨ੍ਹਾਂ ਦੀ ਲੇਖਣੀ ਵਿੱਚ ਵਾਤਾਵਰਣ ਦੀ ਸੰਭਾਲ, ਸਿੱਖਿਆ ਵਿੱਚ ਸਮਾਨਤਾ, ਪਰਿਵਾਰਕ ਰਿਸ਼ਤਿਆਂ ਦੀ ਬਦਲਦੀ ਤਸਵੀਰ, ਤਕਨੀਕੀ ਵਿਕਾਸ ਅਤੇ ਮਨੁੱਖੀ ਕਦਰਾਂ-ਕੀਮਤਾਂ ਵਰਗੇ ਵਿਸ਼ਿਆਂ ਰਾਹੀਂ ਵਿਅਕਤੀਗਤ ਜ਼ਿੰਮੇਵਾਰੀ ਨੂੰ ਸਮਾਜਿਕ ਤਰੱਕੀ ਨਾਲ ਜੋੜਨ ਦੀ ਕੋਸ਼ਿਸ਼ ਦਿਖਾਈ ਦਿੰਦੀ ਹੈ।

ਸੇਵਾਮੁਕਤੀ ਤੋਂ ਬਾਅਦ ਵੀ ਜਾਰੀ ਹੈ ਸਫ਼ਰ

ਸਰਕਾਰੀ ਸੇਵਾ ਤੋਂ ਸੇਵਾਮੁਕਤੀ ਡਾ. ਵਿਜੇ ਗਰਗ ਲਈ ਸਿੱਖਣ, ਸਿਖਾਉਣ ਅਤੇ ਲਿਖਣ ਦੇ ਸਫ਼ਰ ਦਾ ਅੰਤ ਨਹੀਂ ਬਣੀ। ਇਸ ਦੀ ਬਜਾਏ ਉਨ੍ਹਾਂ ਨੇ ਆਪਣੇ ਆਪ ਨੂੰ ਸਾਹਿਤਕ ਗਤੀਵਿਧੀਆਂ, ਵਿੱਦਿਅਕ ਉਪਰਾਲਿਆਂ ਅਤੇ ਸਮਾਜਿਕ ਜਾਗਰੂਕਤਾ ਲਈ ਹੋਰ ਵਧੇਰੇ ਸਮਰਪਿਤ ਕਰ ਦਿੱਤਾ।

ਅੱਜ ਦੇ ਦੌਰ ਵਿੱਚ ਜਦੋਂ ਜਾਣਕਾਰੀ ਦੀ ਭਰਮਾਰ ਹੈ ਪਰ ਸਹੀ ਸਮਝ ਅਤੇ ਡੂੰਘੀ ਸੋਚ ਦੀ ਘਾਟ ਮਹਿਸੂਸ ਕੀਤੀ ਜਾਂਦੀ ਹੈ, ਤਾਂ ਜ਼ਿੰਮੇਵਾਰ ਲੇਖਕਾਂ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ।

ਡਾ. ਵਿਜੇ ਗਰਗ ਦਾ ਸਫ਼ਰ ਇਹ ਸਾਬਤ ਕਰਦਾ ਹੈ ਕਿ ਅਧਿਆਪਕ ਸਕੂਲ ਦੀ ਚਾਰਦੀਵਾਰੀ ਤੋਂ ਬਾਹਰ ਆਉਣ ਤੋਂ ਬਾਅਦ ਵੀ ਸਮਾਜ ਨੂੰ ਸਿੱਖਿਆ ਦੇ ਸਕਦਾ ਹੈ। ਅਖ਼ਬਾਰ ਦਾ ਇੱਕ ਲੇਖ ਸਬਕ ਬਣ ਸਕਦਾ ਹੈ, ਇੱਕ ਪੁਸਤਕ ਜੀਵਨ ਦਾ ਮਾਰਗਦਰਸ਼ਨ ਕਰ ਸਕਦੀ ਹੈ ਅਤੇ ਇੱਕ ਵਿਚਾਰ ਕਿਸੇ ਵਿਅਕਤੀ ਦੀ ਜ਼ਿੰਦਗੀ ਦੀ ਦਿਸ਼ਾ ਬਦਲ ਸਕਦਾ ਹੈ।

ਅੰਤ ਵਿੱਚ, ਕਿਸੇ ਲੇਖਕ ਦੀ ਮਹਾਨਤਾ ਸਿਰਫ਼ ਉਸ ਦੇ ਛਪੇ ਹੋਏ ਲੇਖਾਂ ਜਾਂ ਪੁਸਤਕਾਂ ਦੀ ਗਿਣਤੀ ਨਾਲ ਨਹੀਂ ਮਾਪੀ ਜਾਂਦੀ, ਸਗੋਂ ਇਸ ਗੱਲ ਨਾਲ ਮਾਪੀ ਜਾਂਦੀ ਹੈ ਕਿ ਉਸ ਨੇ ਕਿੰਨੇ ਮਨਾਂ ਵਿੱਚ ਨਵੇਂ ਵਿਚਾਰ ਪੈਦਾ ਕੀਤੇ, ਕਿੰਨੇ ਲੋਕਾਂ ਨੂੰ ਗਿਆਨ ਦੀ ਰੌਸ਼ਨੀ ਦਿੱਤੀ ਅਤੇ ਸਮਾਜ ਵਿੱਚ ਕਿੰਨੀ ਸਕਾਰਾਤਮਕ ਤਬਦੀਲੀ ਲਿਆਉਣ ਵਿੱਚ ਯੋਗਦਾਨ ਪਾਇਆ।

ਡਾ. ਵਿਜੇ ਗਰਗ ਦਾ ਸਾਹਿਤਕ ਸਫ਼ਰ ਗਿਆਨ, ਸਿੱਖਿਆ ਅਤੇ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਨਿਰੰਤਰ ਸਮਰਪਣ ਦੀ ਕਹਾਣੀ ਹੈ। ਉਨ੍ਹਾਂ ਦੀ ਕਲਮ ਸਿੱਖਿਆ ਦਾ ਸਾਧਨ ਹੈ, ਉਨ੍ਹਾਂ ਦੇ ਵਿਚਾਰ ਪ੍ਰੇਰਨਾ ਦਾ ਸਰੋਤ ਹਨ ਅਤੇ ਉਨ੍ਹਾਂ ਦੀ ਲੇਖਣੀ ਇੱਕ ਜਾਗਰੂਕ, ਸੂਝਵਾਨ ਅਤੇ ਗਿਆਨਵਾਨ ਸਮਾਜ ਦੀ ਸਿਰਜਣਾ ਵੱਲ ਇੱਕ ਨਿਰੰਤਰ ਯਤਨ ਹੈ।





SUNSHINE AUTO CARE INC

WE REPAIR ALL"

AUTO • DIESEL TRUCKS • TRAILERS

All Makes & Models



FULL SERVICE AUTO & DIESEL REPAIR

- Engine Diagnostics
- Brake Service
- Suspension & Steering
- Diesel Truck Repair
- Trailer Repair

Reliable • Professional • Fast Service

1003 MOFFAT BLVD.• MANTECA, CA 95336

209-239-1551

Arrested ?
DUI ?
Drug Charges ?
Gun Violation ?

Ghuman Law Group

Get the Legal Defence you Deserve.



Why Choose Us?

- ✓ Trusted Legal Experts
- ✓ Personalized Strategies
- ✓ Proven Track Record

Criminal Defence Law

- DUI / DWI Defense
- Drug Charges
- Domestic Violence Defense
- Assault & Battery Defense
- Theft / Fraud / Financial Crimes
- Probation Violations

Contact Us

info@ghumanlawgroup.com
ghumanlawgroup.org
+1 228-200-0001

INDERJIT S. TOOR
CONSTRUCTION INC.



INDERJIT S. TOOR
CONSTRUCTION INC.
LIC# 842324

ਕੀ ਤੁਸੀਂ ਨਵਾਂ ਘਰ ਜਾਂ ਵਪਾਰਕ ਇਮਾਰਤ
ਬਣਾਉਣ ਦੀ ਯੋਜਨਾ ਬਣਾ ਰਹੇ ਹੋ ?

ਹੋਟਲ | ਅਪਾਰਟਮੈਂਟ | ਡਾਕਟਰਾਂ ਦੇ ਦਫ਼ਤਰ
ਅਤੇ ਗੈਸ ਸਟੇਸ਼ਨਾਂ ਦੇ ਨਿਰਮਾਣ ਕਾਰਜਾਂ ਲਈ
INDERJIT S. TOOR
Construction
ਨਾਲ ਸੰਪਰਕ ਕਰੋ।

Location : Northern California

ਤੁਹਾਡੀ ਸਮੱਸਿਆ, ਸਾਡਾ ਹੱਲ !

HARINDER S. TOOR CEO | (209) 404-4063

htoor@toorinc.com | www.ToorInc.com

2351 Tenaya Dr. Ste D, Modesto, CA 95354



ਬਰਜਿੰਦਰ ਕੌਰ ਬਿਸਰਾਓ
99889-01324

ਆਮ ਲੋਕ ਦਲ-ਬਦਲੂਆਂ ਤੋਂ ਕਰਨ ਕਿਨਾਰਾ

ਲੋਕਤੰਤਰ ਵਿੱਚ ਰਾਜਨੀਤਕ ਪਾਰਟੀਆਂ ਅਤੇ ਉਨ੍ਹਾਂ ਦੇ ਆਗੂਆਂ ਦੀ ਆਪਣੀ ਅਹਿਮੀਅਤ ਹੁੰਦੀ ਹੈ। ਲੋਕ ਆਪਣੇ ਵਿਚਾਰਾਂ, ਉਮੀਦਾਂ ਅਤੇ ਵਿਸ਼ਵਾਸਾਂ ਦੇ ਆਧਾਰ 'ਤੇ ਕਿਸੇ ਪਾਰਟੀ ਨੂੰ ਚੁਣਦੇ ਹਨ ਅਤੇ ਉਸ ਦੇ ਉਮੀਦਵਾਰਾਂ ਨੂੰ ਜਿਤਾ ਕੇ ਵਿਧਾਨ ਸਭਾ ਜਾਂ ਸੰਸਦ ਵਿੱਚ ਭੇਜਦੇ ਹਨ। ਪਰ ਅੱਜ ਦੀ ਰਾਜਨੀਤੀ ਵਿੱਚ ਇੱਕ ਅਜਿਹਾ ਰੁਝਾਨ ਲਗਾਤਾਰ ਵਧ ਰਿਹਾ ਹੈ, ਜਿਸ ਨੇ ਲੋਕਤੰਤਰ ਦੀ ਭਰੋਸੇਯੋਗਤਾ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਇਹ ਰੁਝਾਨ ਹੈ ਦਲ-ਬਦਲੀ ਦਾ। ਕੁਝ ਆਗੂਆਂ ਲਈ ਪਾਰਟੀਆਂ ਕੋਈ ਵਿਚਾਰਧਾਰਾ, ਸਿਧਾਂਤ ਜਾਂ ਲੋਕ ਸੇਵਾ ਦਾ ਮੰਚ ਨਹੀਂ ਹੁੰਦੀਆਂ, ਸਗੋਂ ਆਪਣੇ ਨਿੱਜੀ ਸਿਆਸੀ ਹਿੱਤ ਪੂਰੇ ਕਰਨ ਦਾ ਸਾਧਨ ਬਣ ਕੇ ਰਹਿ ਜਾਂਦੀਆਂ ਹਨ। ਜਿੱਥੇ ਆਪਣਾ ਮਤਲਬ ਪੂਰਾ ਹੁੰਦਾ ਦਿਸੇ, ਉੱਥੇ ਹੀ ਆਪਣੀ ਵਫ਼ਾਦਾਰੀ ਦਾ ਝੰਡਾ ਗੱਡ ਦਿੰਦੇ ਹਨ। ਸਭ ਤੋਂ ਹੈਰਾਨੀ ਵਾਲ਼ੀ ਗੱਲ ਤਾਂ ਇਹ ਹੈ ਕਿ ਜਦੋਂ ਕਿਸੇ ਆਗੂ ਨੂੰ ਆਪਣੀ ਪਾਰਟੀ ਵੱਲੋਂ ਚੋਣ ਲੜਨ ਲਈ ਟਿਕਟ ਨਹੀਂ ਮਿਲਦੀ ਤਾਂ ਉਹ ਰਾਤੋ-ਰਾਤ ਆਪਣੀ ਪੁਰਾਣੀ ਪਾਰਟੀ ਦੀ ਵਿਚਾਰਧਾਰਾ ਨੂੰ ਭੁੱਲ ਕੇ ਕਿਸੇ ਦੂਜੀ ਪਾਰਟੀ ਦਾ ਪੱਲਾ ਫੜ ਲੈਂਦਾ ਹੈ। ਜਿਹੜਾ ਆਗੂ ਕੱਲ੍ਹ ਤੱਕ ਦੂਜੀ ਪਾਰਟੀ ਦੇ ਆਗੂਆਂ ਦੀਆਂ ਨੀਤੀਆਂ ਨੂੰ ਲੋਕ ਵਿਰੋਧੀ ਦੱਸ ਰਿਹਾ ਹੁੰਦਾ ਹੈ, ਉਹੀ ਅਗਲੇ ਦਿਨ ਉਸ ਪਾਰਟੀ ਦੇ ਗੁਣ ਗਾਉਣ ਲੱਗ ਪੈਂਦਾ ਹੈ। ਕੱਲ੍ਹ ਤੱਕ ਜਿਸ ਪਾਰਟੀ ਨੂੰ ਲੋਕਾਂ ਦੀ ਦੁਸ਼ਮਣ ਦੱਸਿਆ ਜਾਂਦਾ ਸੀ, ਅੱਜ ਉਸੇ ਪਾਰਟੀ ਵਿੱਚ ਸ਼ਾਮਲ ਹੋ ਕੇ ਉਸ ਨੂੰ ਲੋਕਾਂ ਦੀ ਸਭ ਤੋਂ ਵੱਡੀ ਹਿਤੈਸ਼ੀ ਦੱਸਿਆ ਜਾਂਦਾ ਹੈ। ਕੀ ਵਿਚਾਰਧਾਰਾਵਾਂ ਇੰਨੀ ਛੇਤੀ ਬਦਲ ਜਾਂਦੀਆਂ ਹਨ? ਕੀ ਸਿਧਾਂਤਾਂ ਦੀ ਕੋਈ ਕੀਮਤ ਨਹੀਂ ਰਹਿ ਗਈ? ਅਸਲ ਵਿੱਚ ਇਹ ਵਿਚਾਰਾਂ ਦੀ ਤਬਦੀਲੀ ਨਹੀਂ, ਸਗੋਂ ਨਿੱਜੀ ਸਿਆਸੀ ਲਾਲਸਾਵਾਂ ਦੀ ਖੇਡ ਹੁੰਦੀ ਹੈ।

ਸਵਾਲ ਇਹ ਹੈ ਕਿ ਜਿਹੜਾ ਵਿਅਕਤੀ ਆਪਣੀ ਹੀ ਪਾਰਟੀ ਦਾ ਵਫ਼ਾਦਾਰ ਨਹੀਂ ਹੋ ਸਕਿਆ, ਉਹ ਲੋਕਾਂ ਦਾ ਵਫ਼ਾਦਾਰ ਕਿਵੇਂ ਹੋਵੇਗਾ? ਜਿਹੜਾ ਆਪਣੇ ਨਿੱਜੀ ਫ਼ਾਇਦੇ ਲਈ ਆਪਣੀ ਪਾਰਟੀ, ਆਪਣੇ ਸਾਥੀਆਂ ਅਤੇ ਆਪਣੇ ਪੁਰਾਣੇ ਸਮਰਥਕਾਂ ਨੂੰ ਛੱਡ ਸਕਦਾ ਹੈ, ਉਸ ਤੋਂ ਆਮ ਜਨਤਾ ਦੇ ਹਿੱਤਾਂ ਦੀ ਰਾਖੀ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ? ਜਿਸ ਆਗੂ ਲਈ ਟਿਕਟ, ਅਹੁਦਾ ਅਤੇ ਕੁਰਸੀ ਹੀ ਸਭ ਕੁਝ ਹੋਣ, ਉਸ ਲਈ ਲੋਕਾਂ ਦੀਆਂ ਮੁਸ਼ਕਲਾਂ ਅਤੇ ਉਨ੍ਹਾਂ ਦੀਆਂ ਉਮੀਦਾਂ ਦੀ ਕੀ ਅਹਿਮੀਅਤ ਰਹਿ ਜਾਂਦੀ ਹੈ? ਲੋਕਾਂ ਨੂੰ ਇਹ ਗੱਲ ਸਮਝਣੀ ਪਵੇਗੀ ਕਿ ਜਿਹੜਾ ਆਪਣੇ ਸਿਆਸੀ ਭਵਿੱਖ ਦੀ ਚਿੰਤਾ ਵਿੱਚ ਹਰ ਵਾਰ ਪਾਰਟੀ ਬਦਲ ਲੈਂਦਾ ਹੈ, ਉਹ ਲੋਕਾਂ ਦੇ ਭਵਿੱਖ ਬਾਰੇ ਕਿੰਨਾ ਕੁ ਗੰਭੀਰ ਹੋਵੇਗਾ। ਦਲ-ਬਦਲੂ ਸਿਆਸਤਦਾਨਾਂ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੁੰਦੀ ਹੈ ਕਿ ਉਹ ਆਪਣੀ ਸਹੂਲਤ ਅਨੁਸਾਰ ਬਿਆਨ ਅਤੇ ਵਿਚਾਰ ਬਦਲਣ ਵਿੱਚ ਦੇਰ ਨਹੀਂ ਲਗਾਉਂਦੇ। ਜਦੋਂ ਤੱਕ ਆਪਣੀ ਪਾਰਟੀ ਵਿੱਚ ਅਹੁਦਾ ਅਤੇ ਸਨਮਾਨ ਮਿਲਦਾ ਰਹੇ, ਉਦੋਂ ਤੱਕ ਪਾਰਟੀ ਦੀਆਂ ਨੀਤੀਆਂ ਦੀ ਪ੍ਰਸੰਸਾ ਕਰਦੇ ਰਹਿੰਦੇ ਹਨ। ਪਰ ਜਿਉਂ ਹੀ ਉਨ੍ਹਾਂ ਦੀ ਇੱਛਾ ਪੂਰੀ ਨਹੀਂ ਹੁੰਦੀ, ਪਾਰਟੀ ਵਿੱਚ ਖਾਮੀਆਂ ਨਜ਼ਰ ਆਉਣ ਲੱਗ ਪੈਂਦੀਆਂ ਹਨ। ਫਿਰ ਉਹੀ ਆਗੂ ਪਾਰਟੀ ਨੂੰ ਗਲਤ ਨੀਤੀਆਂ ਵਾਲੀ, ਲੋਕ ਵਿਰੋਧੀ ਅਤੇ ਨਾਕਾਮ ਦੱਸਣ ਲੱਗ ਜਾਂਦੇ ਹਨ। ਜੇ ਪਾਰਟੀ ਇੰਨੀ ਹੀ ਮਾੜੀ ਸੀ ਤਾਂ ਪਹਿਲਾਂ ਉਸ ਦੇ ਗੁਣ ਗਾਉਣ ਦੀ ਕੀ ਲੋੜ ਸੀ? ਇਹ ਦੋਹਰਾ ਮਾਪਦੰਡ ਉਨ੍ਹਾਂ ਦੀ ਸਿਆਸੀ ਸੋਚ ਅਤੇ ਨੈਤਿਕਤਾ ਦੀ ਅਸਲੀ ਤਸਵੀਰ ਪੇਸ਼ ਕਰਦਾ ਹੈ।

ਇਸ ਦਲ-ਬਦਲੀ ਦਾ ਸਭ ਤੋਂ ਵੱਡਾ ਨੁਕਸਾਨ ਆਮ ਵੋਟਰ ਨੂੰ ਹੁੰਦਾ ਹੈ। ਲੋਕ ਕਿਸੇ ਉਮੀਦਵਾਰ ਨੂੰ ਉਸ ਦੀ ਪਾਰਟੀ, ਚੋਣ ਨਿਸ਼ਾਨ ਅਤੇ ਚੋਣ ਮਨੋਰਥ ਪੱਤਰ ਦੇਖ ਕੇ ਵੋਟ ਪਾਉਂਦੇ ਹਨ। ਉਹ ਆਪਣੀ ਵੋਟ ਰਾਹੀਂ ਇੱਕ ਖ਼ਾਸ ਵਿਚਾਰਧਾਰਾ ਅਤੇ ਨੀਤੀ ਨੂੰ ਸਮਰਥਨ ਦਿੰਦੇ ਹਨ। ਪਰ ਜਿੱਤਣ ਤੋਂ ਬਾਅਦ ਜੇਕਰ ਉਹੀ ਨੁਮਾਇੰਦਾ ਆਪਣੀ ਸਹੂਲਤ ਅਨੁਸਾਰ ਦੂਜੀ ਪਾਰਟੀ ਵਿੱਚ ਚਲਾ ਜਾਵੇ ਤਾਂ ਵੋਟਰ ਦੇ ਵਿਸ਼ਵਾਸ ਦਾ ਕੀ ਬਣੇਗਾ?

ਕੀ ਵੋਟਰ ਦੀ ਵੋਟ ਸਿਰਫ਼ ਕਿਸੇ ਆਗੂ ਦੀ ਨਿੱਜੀ ਜਾਇਦਾਦ ਹੈ, ਜਿਸ ਨੂੰ ਉਹ ਜਿੱਥੇ ਮਰਜ਼ੀ ਵਰਤ ਸਕਦਾ ਹੈ? ਲੋਕਤੰਤਰ ਵਿੱਚ ਜਨਤਾ ਦਾ ਫ਼ੈਸਲਾ ਸਭ ਤੋਂ ਉੱਪਰ ਹੋਣਾ ਚਾਹੀਦਾ ਹੈ, ਨਾ ਕਿ ਕਿਸੇ ਆਗੂ ਦੀ ਨਿੱਜੀ ਲਾਲਸਾ। ਇਹ ਵੀ ਦੁੱਖ ਦੀ ਗੱਲ ਹੈ ਕਿ ਅਜਿਹੇ ਆਗੂ ਪਾਰਟੀ ਬਦਲਣ ਤੋਂ ਬਾਅਦ ਮੁੜ ਲੋਕਾਂ ਵਿੱਚ ਜਾ ਕੇ ਵੱਡੇ-ਵੱਡੇ ਵਾਅਦੇ ਕਰਦੇ ਹਨ। ਆਪਣੇ ਆਪ ਨੂੰ ਲੋਕਾਂ ਦਾ ਸਭ ਤੋਂ ਵੱਡਾ ਸੇਵਾਦਾਰ ਦੱਸਦੇ ਹਨ। ਪਰ ਜਨਤਾ ਨੂੰ ਇਹ ਪੁੱਛਣ ਦਾ ਪੂਰਾ ਹੱਕ ਹੈ ਕਿ ਜਿਹੜਾ ਵਿਅਕਤੀ ਆਪਣੇ ਸਿਆਸੀ ਸਿਧਾਂਤਾਂ ਦਾ ਨਹੀਂ ਬਣ ਸਕਿਆ, ਉਹ ਲੋਕਾਂ ਦੇ ਸਿਧਾਂਤਾਂ ਅਤੇ ਹੱਕਾਂ ਦਾ ਰਾਖਾ ਕਿਵੇਂ ਬਣੇਗਾ? ਸਿਆਸਤ ਕੋਈ ਮੌਸਮੀ ਕੱਪੜਾ ਨਹੀਂ ਕਿ ਜਦੋਂ ਮਨ ਕੀਤਾ ਬਦਲ ਲਿਆ। ਇਹ ਲੋਕਾਂ ਪ੍ਰਤੀ ਜ਼ਿੰਮੇਵਾਰੀ, ਵਿਸ਼ਵਾਸ ਅਤੇ ਸੇਵਾ ਦਾ ਮਾਧਿਅਮ ਹੈ।

ਇਸ ਲਈ ਹੁਣ 2027 ਦੀਆਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਮਾਂ ਆ ਗਿਆ ਹੈ ਕਿ ਆਮ ਲੋਕ ਅਜਿਹੇ ਦਲ-ਬਦਲੂ ਆਗੂਆਂ ਦੀ ਅਸਲੀਅਤ ਨੂੰ ਪਛਾਣਨ ਤੇ ਉਨ੍ਹਾਂ ਤੋਂ ਕਿਨਾਰਾ ਕਰਨ। ਚੋਣਾਂ ਸਮੇਂ ਸਿਰਫ਼ ਉਨ੍ਹਾਂ ਦੇ ਭਾਸ਼ਣਾਂ, ਵੱਡੇ ਵਾਅਦਿਆਂ ਅਤੇ ਚਮਕ-ਦਮਕ ਤੋਂ ਪ੍ਰਭਾਵਿਤ ਹੋਣ ਦੀ ਬਜਾਏ ਉਨ੍ਹਾਂ ਦਾ ਪਿਛਲਾ ਸਿਆਸੀ ਰਿਕਾਰਡ ਵੀ ਦੇਖਣ। ਇਹ ਜ਼ਰੂਰ ਪੁੱਛਣ ਕਿ ਉਨ੍ਹਾਂ ਨੇ ਕਿੰਨੀ ਵਾਰ ਪਾਰਟੀ ਬਦਲੀ, ਕਿਉਂ ਬਦਲੀ ਅਤੇ ਹਰ ਵਾਰ ਉਨ੍ਹਾਂ ਦੀ ਤਬਦੀਲੀ ਪਿੱਛੇ ਕਿਹੜਾ ਨਿੱਜੀ ਹਿੱਤ ਸੀ? ਵੋਟ ਕਿਸੇ ਦੀ ਜਾਗੀਰ ਨਹੀਂ ਹੁੰਦੀ, ਇਹ ਜਨਤਾ ਦੀ ਸਭ ਤੋਂ ਵੱਡੀ ਤਾਕਤ ਹੁੰਦੀ ਹੈ। ਇਸ ਤਾਕਤ ਦੀ ਵਰਤੋਂ ਸਾਨੂੰ ਵੀ ਸੋਚ-ਸਮਝ ਕੇ ਕਰਨੀ ਚਾਹੀਦੀ ਹੈ। ਅੰਤ ਵਿੱਚ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਸਿਆਸਤ ਵਿੱਚ ਅਹੁਦੇ ਬਦਲ ਸਕਦੇ ਹਨ, ਜ਼ਿੰਮੇਵਾਰੀਆਂ ਬਦਲ ਸਕਦੀਆਂ ਹਨ, ਪਰ ਜ਼ਮੀਰ ਅਤੇ ਲੋਕਾਂ ਪ੍ਰਤੀ ਵਫ਼ਾਦਾਰੀ ਨਹੀਂ ਬਦਲਣੀ ਚਾਹੀਦੀ। ਜਿਹੜੇ ਆਗੂ ਹਰ ਵਾਰ ਆਪਣੇ ਫਾਇਦੇ ਲਈ ਪਾਰਟੀ ਬਦਲਦੇ ਹਨ, ਉਨ੍ਹਾਂ ਨੂੰ ਲੋਕਾਂ ਦੇ ਭਵਿੱਖ ਦਾ ਫ਼ੈਸਲਾ ਕਰਨ ਦਾ ਹੱਕ ਦੇਣ ਤੋਂ ਪਹਿਲਾਂ ਜਨਤਾ ਨੂੰ ਸੌ ਵਾਰ ਸੋਚਣਾ ਚਾਹੀਦਾ ਹੈ। ਕਿਉਂਕਿ ਜਿਹੜਾ ਆਪਣੀ ਕੁਰਸੀ ਦਾ ਵਫ਼ਾਦਾਰ ਹੈ, ਉਹ ਲੋਕਾਂ ਦਾ ਵਫ਼ਾਦਾਰ ਕਦੇ ਨਹੀਂ ਹੋ ਸਕਦਾ। ਲੋਕਤੰਤਰ ਨੂੰ ਮਜ਼ਬੂਤ ਬਣਾਉਣਾ ਹੈ ਤਾਂ ਦਲ-ਬਦਲੂਆਂ ਨੂੰ ਸਿਰਫ਼ ਸਵਾਲਾਂ ਦੇ ਘੇਰੇ ਵਿੱਚ ਹੀ ਨਹੀਂ, ਸਗੋਂ ਵੋਟ ਦੀ ਤਾਕਤ ਨਾਲ ਸਿਆਸੀ ਤੌਰ 'ਤੇ ਜਵਾਬ ਵੀ ਦੇਣਾ ਪਵੇਗਾ।



ਡਰਾਈਵਰ ਵੀ ਜ਼ਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ
Traki ਨਾਲ.

ਕਾਗਜ਼ ਸੰਭਾਲੋ
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

ਇਨਵੌਇਸ ਬਣਾਓ
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

ਕਮਾਈ ਵਧਾਓ
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

ਅੱਜ ਹੀ ਸ਼ੁਰੂ ਕਰੋ!

3 ਦਿਨ ਦਾ ਮੁਫ਼ਤ TRIAL ਮਿਲੇਗਾ!

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

ਟਾਈਮ ਬਚਾਓ
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

ਗਲਤੀ ਘੱਟ
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

ਆਫਲਾਈਨ ਕੰਮ
ਇੰਟਰਨੈੱਟ ਬਿਜ਼ਾਂ ਵੀ ਸਭ ਕੁਝ ਚੱਲਦਾ.

ਸਭ ਕੁਝ ਇੱਕ ਜਗ੍ਹਾ
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.

ਪਬਲਿਕ ਹਿਤ ਵਿੱਚ ਸੂਚਨਾ

ਮੈਂ **ਗੁਰਦੀਪ ਸਿੰਘ ਸੰਧੂ** ਜਿਵੇਂ ਕਿ ਤੁਸੀਂ ਜਾਣਦੇ ਹੋ 1973 ਤੋਂ ਹੋਮਿਓਪੈਥਿਕ/ਆਯੁਰਵੈਦਿਕ ਦੀ ਪ੍ਰੈਕਟਿਸ ਕਰ ਰਿਹਾ ਹਾਂ ਇਸ ਪੰਜ ਦਹਾਕਿਆਂ ਤੋਂ ਵੱਧ ਦੇ ਸਮੇਂ ਵਿਚ ਮੈਡੀਕਲ ਕਾਲਜਾਂ ਵਿਚ ਪ੍ਰੋ. ਪ੍ਰਿੰਸੀਪਲ ਤੇ ਚੀਫ਼ ਮੈਡੀਕਲ ਅਫਸਰ ਦੇ ਤੌਰ ਤੇ ਸੇਵਾਵਾਂ ਦਿੰਦਾ ਰਿਹਾ ਹਾਂ। 1996 ਤੋ ਅਮਰੀਕਾ ਵਿਚ ਵੱਖ-ਵੱਖ ਰੇਡੀਓ, ਟੀ.ਵੀ ਸਟੇਸ਼ਨਾਂ, ਯੂਟਿਊਬ, ਫੇਸਬੁਕ ਤੇ ਵੱਖ-ਵੱਖ ਮੀਡੀਆ ਚੈਨਲਾਂ ਰਾਹੀਂ ਪਬਲਿਕ ਨੂੰ ਜੀਵਨ ਤੋਂ ਜੀਵਨ ਦੀ ਉਤਪਤੀ ਸਰੀਰਕ ਬਣਤਰ, ਵਿਸਥਾਰ, ਸਿਹਤ, ਬਿਮਾਰੀ ਅਤੇ ਇਲਾਜਾਂ ਪ੍ਰਤੀ ਜਾਗਰੂਕ ਕਰਦਾ ਆ ਰਿਹਾਂ। ਅੱਜ ਦੇ ਵਕਤ ਅਮੈਰਿਕਨ ਇਕੌਨਮੀ ਦੀ ਮਾੜੀ ਹਾਲਤ ਹੋਣ ਕਰਕੇ ਐਲਾਨ ਕਰਦਾ ਹਾਂ ਕਿ ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜਦ ਥੱਕ ਗਏ ਹੋ ਕੋਈ ਹਲ ਨਹੀਂ ਦਿਸ ਰਿਹਾ ਤਾਂ ਇਕ ਮੌਕਾ ਹੋਮਿਓਪੈਥਿਕ ਦੇ ਸਿਧਾਂਤਕ ਇਲਾਜ ਲਈ ਮੈਨੂੰ ਦਿਓ ਇਸ ਲਈ ਕਾਲ ਕਰੋ: **408 687 1899**

ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ਼ ਲੈਕਚਰ ਸੁਣਨ ਲਈ ਮੇਰਾ ਫੇਸਬੁਕ ਅਤੇ ਯੂਟਿਊਬ ਚੈਨਲ https://youtube/duhk3caceu, sabrang station.com(radio station) ਰੋਜ਼ਾਨਾ ਕੈਲੇਫੋਰਨੀਆ ਟਾਈਮ ਸ਼ਾਮ ਨੂੰ 5 ਤੋ 6 ਵਜੇ ਤਕ ਸੁਣੋ।

Working under sb577 act of California







ਕਈ ਵੀਰਾਂ ਦੇ

LICENSE CANCEL

ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

Green Card ਨਹੀਂ ਹੈ | I-485 Application ਅਜੇ Pending ਹੈ।

Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ
ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ
ਲਈ Legal Guidance



Deportation ਜਾਂ Immigration
Detention Cases ਵਿੱਚ Legal Advice



Appeals ਅਤੇ Immigration
Process ਵਿੱਚ ਸਹਾਇਤਾ



Estate Planning ਰਾਹੀਂ Property
ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ
Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

ਤਰੀ ਵਾਲੇ ਲੱਡੂ

ਲੱਡੂ ਐਤਕੀ ਘਰੇ ਬਣਾਉਣੇ,
ਸਭ ਨੇ ਮਤਾ ਪਕਾਇਆ।
ਬਾਜਾਰੂ ਮਠਿਆਈ ਕੋਈ ਨੀਂ ਲੈਣੀ,
ਹਲਵਾਈ ਘਰੇ ਬੁਲਾਇਆ।
ਬਾਪੂ ਨੇ ਸਮਾਨ ਲਿਖਵਾਇਆ,
ਕੀ ਕੁੱਝ ਹੈ ਵਿੱਚ ਪੈਂਦਾ।
ਕਿੰਨੇ ਪੈਸੇ ਲਵੇਂਗਾ ਭਾਈ,
ਬਾਪੂ ਉਸ ਨੂੰ ਕਹਿੰਦਾ।
ਦੀਵਾਲੀ ਤੋਂ ਕੁਝ ਦਿਨ ਪਹਿਲਾਂ
ਘਰੇ ਆ ਗਿਆ ਭਾਈ।
ਰਾਸ਼ਨ ਕਰਕੇ 'ਕੱਠਾ ਉਸ ਨੇ,
ਪਾਇਆ ਵਿੱਚ ਕੜਾਹੀ।
ਸੀ ਅਣਜਾਣ ਹਲਵਾਈ ਉਹ
ਸਿੱਖਦਾ ਸੀ ਜੋ ਹਾਲੇ।
ਬਿਨਾਂ ਹਿਸਾਬ ਤੋਂ ਪਾਈ ਜਾਵੇ,
ਪਾਣੀ ਰਾਸ਼ਨ ਨਾਲੇ।

ਪਤਲਾ ਹੋ ਗਿਆ ਵੇਸਨ ਜਿਆਦਾ,
ਨਾ 'ਕੱਠੀ ਹੋਵੇ ਮਦਾਨੀਂ,
ਬਣ ਗਏ ਲੱਡੂ ਤਰੀ ਵਾਲੇ,
ਜਿਆਦਾ ਪੈ ਗਿਆ ਪਾਣੀ।
ਕਹੇ, ਠੰਡੀ ਹੋ ਜੁੜ ਜਾਣੀ ਇਹ,
ਬੂੰਦੀ ਜਿਹੜੀ ਬਣਾਈ।
ਪੈਸੇ ਲੈ ਕੇ ਤੁਰਦਾ ਬਣਿਆ,
ਬਾਪੂ ਕੋਲੋਂ ਹਲਵਾਈ।
ਉੱਪਰ ਥੱਲੇ ਝਾਕੇ ਬਾਪੂ ,
ਇਹ ਉਸ ਨੇ ਕੀ ਕਰ 'ਤਾ।
ਕੀਤਾ ਕਰਾਇਆ ਸਾਡਾ ਉਸ ਨੇ,
ਖੂਹੇ ਦੇ ਵਿੱਚ ਧਰਤਾ।
ਕੱਲੀਆਂ ਦੇ ਵਿੱਚ ਪਾ ਬੂੰਦੀ,
ਚਮਚਿਆਂ ਦੇ ਨਾਲ ਖਾਈਏ।
ਹਰੇਕ ਦੀਵਾਲੀ ਨੂੰ ਆਖੇ 'ਪੱਤੋ',
ਲੱਡੂ ਘਰੇ ਬਣਵਾਈਏ।



SANJHI SOCH
ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ
ਮੋਗਾ
94658-21417

ਦੁਨੀਆਂ ਮੇਂ ਕਿਤਨਾ ਗਮ ਹੈ,ਮੇਰਾ ਗਮ...

ਜ਼ਿੰਦਗੀ ਜਿਉਣਾ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ, ਕੁੱਝ ਇਸ ਧਰਤੀ ਤੇ ਦਿਨ ਗੁਜ਼ਾਰਨ ਆਉਂਦੇ ਹਨ ਅਤੇ ਕੁੱਝ ਜ਼ਿੰਦਗੀ ਦੇ ਸਫ਼ਰ ਨੂੰ ਮਾਨਣ। ਜ਼ਿੰਦਗੀ ਵਿੱਚ ਆਉਣ ਵਾਲੇ ਉਤਰਾਅ ਚੜ੍ਹਾਅ ਜ਼ਿੰਦਗੀ ਨੂੰ ਨਵਾਂ ਮੋੜ ਦਿੰਦੇ ਹਨ, ਇਹ ਸਾਡੇ ਤੇ ਵੀ ਨਿਰਭਰ ਕਰਦਾ ਹੈ ਕਿ ਅਸੀਂ ਕੀਤੀਆਂ ਗਲਤੀਆਂ ਅਤੇ ਬੀਤੇ ਦਿਨਾਂ ਤੋਂ ਕੀ ਸਿੱਖਿਆ, ਜ਼ੋ ਸਿੱਖਿਆ ਭਵਿੱਖ ਵਿੱਚ ਉਸ ਤੇ ਅਮਲ ਕੀਤਾ ਜਾਂ ਨਹੀਂ, ਅਮਲਾਂ ਤੋਂ ਬਿਨਾਂ ਗਿਆਨ ਭਾਰ ਹੈ ਅਤੇ ਅਜਿਹੇ ਭਾਰ ਦਾ ਕੋਈ ਫਾਇਦਾ ਨਹੀਂ ਜਿਸ ਤੋਂ ਕੁੱਝ ਸਿੱਖੀਏ ਨਾ। ਵਿਸ਼ਵ ਪ੍ਰਸਿੱਧ ਕਥਨ ਹੈ ਕਿ ਜਿਸ ਨੇ ਸਿੱਖਣਾ ਛੱਡ ਦਿੱਤਾ ਉਹ ਬੁੱਢਾ ਹੋ ਗਿਆ ਫ਼ਿਰ ਚਾਹੇ ਉਹ ਵੀਹ ਸਾਲ ਦਾ ਹੋਵੇ ਜਾਂ ਅੱਸੀ ਸਾਲ ਦਾ। ਜ਼ਿੰਦਗੀ ਹਰ ਰੋਜ਼ ਕੁੱਝ ਨਾ ਕੁੱਝ ਸਿਖਾਉਂਦੀ ਹੈ। ਜ਼ਿੰਦਗੀ ਵਿੱਚ ਆਏ ਦੁੱਖ, ਸੁੱਖ ਨਾਲੋਂ ਵੱਧ ਕੀਮਤੀ ਹਨ ਕਿਉਂਕਿ ਸੁੱਖ ਕੁੱਝ ਸਿਖਾਉਂਦੇ ਨਹੀਂ ਸਗੋਂ ਥੋੜਾ ਆਲਸ ਵੱਲ ਧੱਕਦੇ ਹਨ ਜਦਕਿ ਦੁੱਖ ਜ਼ਿੰਦਗੀ ਦੇ ਸਿਲੇਬਸ ਦਾ ਪਾਠ ਪੜ੍ਹਾਉਂਦੇ ਹਨ ਜ਼ੋ ਸਮੇਂ ਸਮੇਂ ਤੇ ਜ਼ਿੰਦਗੀ ਵਿੱਚ ਆਉਣ ਵਾਲੇ ਇਮਤਿਹਾਨਾਂ ਲਈ ਸਾਨੂੰ ਤਿਆਰ ਕਰਦੇ ਹਨ। ਦੁੱਖਾਂ ਬਿਨਾਂ ਜ਼ਿੰਦਗੀ ਇਸ ਤਰ੍ਹਾਂ ਹੈ ਜਿਵੇਂ ਧੁੱਪ ਬਿਨਾਂ ਦਿਨ, ਜ਼ੇਕਰ ਦਿਨੇ ਹੀ ਸੂਰਜ ਬੱਦਲਾਂ ਓਹਲੇ ਹੋ ਜਾਵੇ ਤਾਂ ਰਾਤ ਦਾ ਭੁਲੇਖਾ ਪੈਂਦਾ ਹੈ ਇਸੇ ਤਰ੍ਹਾਂ ਦੁੱਖਾਂ ਬਿਨਾਂ ਜ਼ਿੰਦਗੀ ਦੀ ਕਲਪਨਾ ਕਰਨਾ ਵੀ ਵਿਅਰਥ ਹੈ। ਹਰ ਇੱਕ ਵਿਅਕਤੀ ਦੀ ਆਪਣੀ ਆਪਣੀ ਦੁੱਖਾਂ ਦੀ ਕਹਾਣੀ ਹੈ। ਇਸ ਧਰਤੀ ਤੇ ਜਨਮ ਲੈਣ ਵਾਲੇ ਸਾਰੇ ਹੀ ਜੀਵ ਜੰਤੂ ਦੁਖੀ ਹਨ ,ਕੋਈ ਪੈਸੇ ਬਿਨਾਂ ਦੁਖੀ, ਕੋਈ ਧੀ ਪੁੱਤ ਤੋਂ ਦੁਖੀ,ਕੋਈ ਧੀ ਪੁੱਤ ਤੋਂ ਬਿਨਾਂ ਦੁਖੀ, ਬਾਬੇ ਨਾਨਕ ਨੇ ਇਸੇ ਲਈ ਸ਼ਬਦ ਫ਼ੁਰਮਾਇਆ,ਨਾਨਕ ਦੁਖੀਆ ਸਭੁ ਸੰਸਾਰੁ ਭਾਵ ਸਾਰਾ ਸੰਸਾਰ ਹੀ ਦੁਖੀ ਹੈ। ਜਦੋਂ ਦੂਜਿਆਂ ਦੇ ਦੁੱਖਾਂ ਵੱਲ ਝਾਤ ਮਾਰੀਏ ਤਾਂ ਆਪਣੇ ਦੁੱਖ ਘੱਟ ਲੱਗਦੇ ਹਨ। ਹਿੰਦੀ ਫ਼ਿਲਮ ਅਮ੍ਰਿਤ ਦੇ ਬਹੁਤ ਮਸ਼ਹੂਰ ਗੀਤ ਦੇ ਬੋਲ ਨੇ,

ਦੁਨੀਆਂ ਮੇਂ ਕਿਤਨਾ ਗਮ ਹੈ ,ਮੇਰਾ ਗਮ ਕਿਤਨਾ ਕਮ ਹੈ
ਲੋਗੋਂ ਕਾ ਗਮ ਦੇਖਾ ਤੋ ਮੈਂ ਅਪਨਾ ਗਮ ਭੂਲ ਗਿਆ।

ਦੁੱਖਾਂ ਦੀ ਇਸ ਨਗਰੀ ਵਿੱਚ ਸੁੱਖ ਤਲਾਸ਼ਣ ਵਾਲੇ ਵੀ ਸਾਡੇ ਹੀ ਭੈਣ ਭਰਾ ਅਤੇ ਸਾਡੇ ਵਰਗੇ ਹਨ। ਉਹ ਰੋਟੀ ਖਾਂਦੇ ਹਨ ਉਹ ਵੀ ਪਾਣੀ ਪੀਂਦੇ ਹਨ। ਉਹ ਕੋਈ ਅਰਸ਼ੋ ਨਹੀਂ ਉਤਰੇ ਸਗੋਂ ਮੁਸੀਬਤਾਂ ਦੀ ਭੱਠੀ ਵਿੱਚ ਤਪ ਤਪ ਕੇ ਫ਼ੌਲਾਦ ਬਣੇ ਹਨ। ਦੁੱਖਾਂ ਤੋਂ ਭੱਜਣਾ ਸੌਖਾ ਨਹੀਂ ਦੁੱਖ ਹੀ ਸੁੱਖ ਭਰੀ ਜ਼ਿੰਦਗੀ ਦਾ ਮੁੱਲ ਹਨ। ਸਾਰੀ ਉਮਰ ਜ਼ਿੰਦਗੀ ਵਿੱਚ ਦੁੱਖ ਨਹੀਂ ਰਹਿੰਦੇ ਅਤੇ ਸਾਰੀ ਉਮਰ ਸੁੱਖ ਵੀ ਨਹੀਂ ਰਹਿੰਦੇ। ਜਿਸ ਤਰ੍ਹਾਂ ਦਿਨ ਅਤੇ ਰਾਤ ਬਦਲਦੇ ਰਹਿੰਦੇ ਹਨ ਉਸੇ ਤਰ੍ਹਾਂ ਜ਼ਿੰਦਗੀ ਵਿੱਚ ਦੁੱਖ ਸੁੱਖ ਦਾ ਚੱਕਰ ਚਲਦਾ ਰਹਿੰਦਾ ਹੈ। ਕਿਸੇ ਲੇਖਕ ਨੇ ਬਹੁਤ ਖ਼ੂਬ ਲਿਖਿਆ ਹੈ ਕਿ ਜ਼ਿੰਦਗੀ ਦੋ ਦਿਨਾਂ ਦੀ,ਜਿਸ ਦਿਨ ਜ਼ਿੰਦਗੀ ਤੁਹਾਡੇ ਹੱਕ ਵਿੱਚ ਹੋਵੇ ਉਸ ਦਿਨ ਗਰੂਰ ਨਾ ਕਰਨਾ ਅਤੇ ਜਿਸ ਦਿਨ ਤੁਹਾਡੇ ਖਿਲਾਫ਼ ਹੋਵੇ ਉਸ ਦਿਨ ਥੋੜ੍ਹਾ ਸਬਰ ਜ਼ਰੂਰ ਕਰਨਾ।

ਦੁੱਖਾਂ ਦੀ ਘੜੀ ਵਿੱਚ ਸਬਰ ਸੰਤੋਖ ਸਭ ਤੋਂ ਵੱਡੇ ਮਿੱਤਰ ਅਤੇ ਸਕੇ ਸਬੰਧੀ ਹਨ। ਜਦੋਂ ਖ਼ੂਨ ਦੇ ਰਿਸ਼ਤੇ ਸਾਥ ਨਹੀਂ ਦਿੰਦੇ ਉਦੋਂ ਹਿੰਮਤ ਅਤੇ ਹੌਸਲਾ ਜ਼ਿੰਦਗੀ ਵਿੱਚ ਅੱਗੇ ਵਧਣ ਵਿੱਚ ਮਦਦ ਕਰਦੇ ਹਨ। ਜ਼ਿੰਦਗੀ ਵਿੱਚ ਤੂਫ਼ਾਨਾਂ ਦਾ ਆਉਣਾ ਵੀ ਜ਼ਰੂਰੀ ਹੈ ਕਿਉਂਕਿ ਤੂਫ਼ਾਨ ਆਉਣ ਤੇ ਹੀ ਪਤਾ ਲੱਗਦਾ ਹੈ,ਕੌਣ ਹੱਥ ਫ਼ੜ ਕੇ ਭੱਜਦਾ ਹੈ ਅਤੇ ਕੌਣ ਹੱਥ ਛੁੜਾ ਕੇ। ਹਰ ਵੇਲੇ ਵਾਹਿਗੁਰੂ, ਅਕਾਲ ਪੁਰਖ਼ ਅਤੇ ਆਪਣੇ ਗੁਰੂ ਦਾ ਕੀਤਾ ਸਿਮਰਨ ਹੀ ਦੁੱਖਾਂ ਦੀ ਦਵਾ ਹੈ। ਭਗਤ ਕਬੀਰ ਜੀ ਆਪਣੇ ਇੱਕ ਸ਼ਲੋਕ ਵਿੱਚ ਫ਼ੁਰਮਾਉਂਦੇ ਹਨ,

ਦੁੱਖ ਮੇਂ ਸੁਮਿਰਨ ਸਭ ਕਰੈ,
ਸੁੱਖ ਮੇਂ ਕਰੈ ਨਾ ਕੋਇ।
ਜ਼ੋ ਸੁੱਖ ਮੇਂ ਸੁਮਿਰਨ ਕਰੈ,
ਸੋ ਕੈਸਾ ਦੁੱਖ ਹੋਏ।

ਉਪਰੋਕਤ ਸਲੋਕ ਅਨੁਸਾਰ ਕਬੀਰ ਸਾਹਿਬ ਫ਼ੁਰਮਾਉਂਦੇ ਹਨ ਕਿ ਦੁੱਖ ਵਿੱਚ ਸਾਰੇ ਪਰਮਾਤਮਾ ਦਾ ਨਾਮ ਜਪਦੇ ਨੇ ਪਰੰਤੂ ਸੁੱਖ ਵੇਲੇ ਕੋਈ ਪਰਮਾਤਮਾ ਨੂੰ ਸਿਮਰਨ ਨਹੀਂ ਕਰਦਾ , ਜ਼ੇਕਰ ਸੁੱਖ ਵਿੱਚ ਹੀ ਆਪਣੇ ਪ੍ਰਭੂ ਪਰਮੇਸ਼ਰ ਨਾਲ ਜੁੜਿਆ ਜਾਵੇ ਤਾਂ ਮਨੁੱਖ ਨੂੰ ਕਦੇ ਦੁੱਖਾਂ ਦਾ ਸਾਹਮਣਾ ਕਰਨਾ ਹੀ ਨਹੀਂ ਪੈਂਦਾ।

ਪੰਜਾਬੀ ਦੇ ਮਸ਼ਹੂਰ ਵਾਰਤਾਕਾਰ ਨਰਿੰਦਰ ਸਿੰਘ ਕਪੂਰ ਜੀ ਕਹਿੰਦੇ ਹਨ ਕਿ ਕਦੇ ਆਪਣੇ ਦੁੱਖ ਦੀ ਤੁਲਨਾ ਦਸ਼ਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੁੱਖਾਂ ਨਾਲ ਕਰੀਏ ਤਾਂ ਸਾਡੇ ਦੁੱਖ ਕੁੱਝ ਵੀ ਨਹੀਂ। ਉਹਨਾਂ ਨੇ ਸਰਬੰਸ ਵਾਰ ਦਿੱਤਾ। ਅਸੀਂ ਵਾਹਿਗੁਰੂ ਅੱਗੇ ਇਹ ਅਰਦਾਸ ਨਹੀਂ ਕਰਦੇ ਕਿ ਜ਼ਿੰਦਗੀ ਵਿੱਚ ਦੁੱਖ ਨਾ ਆਉਣ ਪਰੰਤੂ ਉਹਨਾਂ ਦੁੱਖਾਂ ਨੂੰ ਭਾਣਾ ਮੰਨ ਕੇ ਹਢਾਉਣ, ਉਹਨਾਂ ਨੂੰ ਸਹਿਣ ਕਰਨ ਦੀ ਸ਼ਕਤੀ ਅਤੇ ਉਹਨਾਂ ਵਿੱਚੋਂ ਨਿਕਲਣ ਲਈ ਹੌਸਲਾ ਅਤੇ ਹਿੰਮਤ ਪਰਮਾਤਮਾ ਸਾਨੂੰ ਜ਼ਰੂਰ ਬਖਸ਼ੇ ਤਾਂ ਜ਼ੋ ਜ਼ਿੰਦਗੀ ਦੇ ਖੱਟੇ ਮਿੱਠੇ ਤਜਰਬਿਆਂ ਨਾਲ ਜ਼ਿੰਦਗੀ ਦੇ ਸਫ਼ਰ ਦਾ ਆਨੰਦ ਮਾਣਿਆ ਜਾ ਸਕੇ।



ਸਾਂਝੀ ਸੋਚ
ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਭਾਕਪਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ-ਬਠਿੰਡਾ
70873-67969

LARRY T. NIERMEYER
Attorney at Law
OFFERING SERVICES IN THE FOLLOWING AREAS
1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation
PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur

Realtor ®

CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

GHUMAN LAW GROUP INC.

GHUMAN LAW GROUP

ਭਰੋਸੇਜੋਗ ਅਤੇ ਤਜਰਬੇਕਾਰ ਵਕੀਲ ਹੀ ਹਮੇਸ਼ਾ
ਤੁਹਾਡੀ ਸਹੀ ਮਦਦ ਕਰ ਸਕਦਾ ਹੈ।



MON - FRI | 9:00 AM-3:00 PM | +1 (228) 200-0001 | www.ghumanlawgroup.org | 2450 VENTURE OAKS WAY, STE 225 SACRAMENTO, CA

ਸਾਡੀਆਂ ਸੇਵਾਵਾਂ

01 ਜੇ ਕਰ ਤੁਸੀਂ ਕਿਸੇ ਵੀ ਕ੍ਰਿਮਿਨਲ ਕੇਸ ਵਿੱਚ ਫਸੇ ਹੋ।



02 ਜੇ ਕਰ ਤੁਸੀਂ ਆਪਣੇ ਪੁਰਾਣੇ ਕ੍ਰਿਮਿਨਲ ਕੇਸ ਨੂੰ Expunge ਕਰਵਾਉਣਾ ਚਾਹੁੰਦੇ ਹੋ।



03 ਜੇ ਕਰ ਤੁਸੀਂ ਆਪਣੇ Immigration Case ਵਿੱਚ ਕੋਈ Appeal ਲਗਾਉਣੀ ਹੈ।



04 ਜੇ ਕਰ ਤੁਸੀਂ Immigration Case ਵਿੱਚ Bond Hearing ਕਰਵਾਉਣੀ ਹੈ।



ਉੱਪਰ ਲਿਖ਼ੀਆਂ ਸੇਵਾਵਾਂ ਵਿੱਚੋਂ ਕਿਸੇ ਵੀ ਸੇਵਾ ਦੀ ਲੋੜ ਹੈ ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

ਜੇ ਕਰ ਤੁਸੀਂ ਆਪਣੇ ਪੁਰਾਣੇ Criminal Case ਕਰਕੇ USA ਦੀ Citizenship ਲਈ Apply ਨਹੀਂ ਕਰ ਰਹੇ

ਜਾਂ ਤੁਹਾਨੂੰ ਆਪਣਾ Green Card ਖੋਹੇ ਜਾਣ ਦਾ ਡਰ ਹੈ,
ਤਾਂ ਤੁਸੀਂ ਸਾਡੇ ਨਾਲ ਇੱਕ ਵਾਰ ਜ਼ਰੂਰ ਸੰਪਰਕ ਕਰੋ।

MON - FRI | 9:00 AM 3:00 PM | +1 (228) 200-0001 | www.ghumanlawgroup.org | 2450 VENTURE OAKS WAY, STE 225 SACRAMENTO, CA

Truck Parking Yard



ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ



- ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
- ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
- ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ

Truck Parking - Only $200 Monthly
Bobtail Parking - Only $100 Monthly



ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।



ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ

Harbans Gill (209) 972-0013

1651 EAST Whitmore Ave, Ceres, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

Paul Sahota

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ
ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ



e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.



Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।



ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

JK TYRE INC

JK TYRE
TOTAL CONTROL

KTD10-LEAO
Radial Truck Tire (Long Haul)



295/75R22.5
$2600

With Installation
Singh: 510-766-9382

JK JETSTEEL JDH

SPECIAL OFFER !!



DRIVE TIRE
11R22.5-

With Installation
Singh: 510-766-9382

Firestone FS591

SPECIAL OFFER !!

STEER TIRE
295/75R22.5



11R22.5

With Installation
Singh: 510-766-9382

Sizes available in drive & trailer

295/75/22.5
11r/22.5
11r/24.5
255/70/22.5
315/80/22.5
425/65/22.5

JETWAY JTH 1

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

JETWAY JTH SD

SPECIAL OFFER !!



TRAILER TIRE
295/75R22.5-

With Installation
Singh: 510-766-9382

JK JETSTEEL JDL2

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES
GOODYEAR
KELLY TIRES
BARKLEY Feel the difference
PIRELLI
MICHELIN A better way forward
BRIDGESTONE
Firestone
YOKOHAMA
PEARLY
NAMA
TOYO TIRES driven to perform
Continental
DUNLOP TIRES

S. Singh Cell: (510) 766-9382

2955 N. Wilson Way Stockton , CA 95205

RED CHILLI INDIAN

FOOD TRUCK

ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE

VEG | NON -VEG ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ

BOOK US FOR


WEDDINGS


BIRTHDAY PARTIES


CORPORATE EVENTS


BACKYARD PARTIES

RED CHILLI INDIAN

FOOD TRUCK

ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ





RED CHILLI INDIAN FOOD TRUCK

ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ

DELIVERY Available



Call TO Order : (209) 216-8169

A Kaur 2340 Lander Ave Turlock, CA 95280

CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us



CapitaL DRUG TESTING

CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.



Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com

Serving Californians since 1999

Global Green®
INSURANCE AGENCY
Lic #oF34231

Mann Insurance Brokers Inc.
dba Global Green Insurance Agency of the Bay Area

AUTO, HOME, BUSINESS, LIFE

510-487-1000

WWW.GGIABA.COM

COVERED CALIFORNIA

Certified INSURANCE AGENT

Free Confidential Help

Call : Gurcharan Singh Mann
CA License

Medicare

Licensed Insurance Agent
CA Lic # 0C70672

CALL TO ENROL

510-557-0061

Buying OR Selling Real Estate Let US HELP

MANN
Real Estate Services

BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE

510-557-0061

Find your home on our website

www.mannres.com



Gurcharan Singh Mann
DRE#02321006

Pal Films Production

All Your Photo/Videography & Post Production needs Under One Roof







Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....



(925) 489-3400, (341) 356-1517

palfilms925@gmail.com www.thepalfilms.com

web -www.globaldrugtestinginc@gmail.com email -info@globaltruckpermits.com

ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ

GLOBAL TRUCK PERMITS

ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ

ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ

New Company Permits
IRP Plates
Trailer Plates
Truck ELD
DOT Drug Testing



DOT Drug Testing | Compliance Services | Driver Hiring

Driver Files | Safety Audit | Clearing House | Driver Management





“ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ”

ਰਾਜਿੰਦਰ ਟਾਂਡਾ

ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988

Address: 159 Darcy Pkwy Lathrop, CA 95330

TAKE CONTROL OF YOUR HEALTH!

PRIVATE, AFFORDABLE, & CONVENIENT

8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

NO INSURANCE? NO PROBLEM!

WALK-INS WELCOME



ANYLABTEST NOW

ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

WHOLE HOME SOLAR & BATTERY
STARTING AT $25,000

For a standard 5kW Solar & 14kWh Battery system

Roof or main panel upgrades not included



Clear & Up-Front Pricing

High-Efficiency Components

Permits and Utility Approvals Included

Protect Existing NEM 2.0
(Via Non-Export Configuration)

CALL HARRY FOR A QUOTE | (925) 537-2732

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building

Pricing & offer details vary by location & applicant.